SATJUG
1920 ਤੋਂ ਸਾਲ 99 ਵਾਂ

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Price:Rs.5/-

ਸਤਜੁਗਿ ਸਚੁ ਕਹੈ ਸਭੁ ਕੋਈ॥

ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ

੧੬ ਤੋਂ ੩੧ ਜੇਠ ੨੦੭੬
30 May To 14 June 2019

ਜਿਲਦ 27
ਨੰਬਰ 9
Total Pages 44

4 ਤੋਂ 19 ਮਈ 2019 ਆਸਟ੍ਰੇਲੀਆ ਦੌਰੇ ਦੌਰਾਨ–
ਪਰਥ ਵਿਖੇ ਸਮੁੰਦਰ ਕੰਢੇ ਸ੍ਰੀ ਸਤਿਗੁਰੂ ਜੀ ਸਿੱਖਾਂ ਸੇਵਕਾਂ ਸਹਿਤ

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਆਸਟਰੇਲੀਆਂ ਦੌਰੇ ਸਮੇਂ ਪਰਥ ਸ਼ਹਿਰ ਦੀਆਂ ਝਲਕੀ

ਪਰਥ ਪਹੁੰਚਣ ਤੇ ਸੂਬਾ ਸਤਨਾਮ ਸਿੰਘ ਰੂਪਰਾ ਜੀ ਅਤੇ ਹੋਰ ਪਤਵੰਤੇ
ਸ੍ਰੀ ਸਤਿਗੁਰੂ ਜੀ ਦਾ ਸਵਾਗਤ ਕਰਦੇ ਹੋਏ।

ਪਰਥ ਵਿਖੇ ਕੀਰਤਨ

ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ, ਨਾਮ ਸਿਮਰਨ, ਕਥਾ, ਕੀਰਤਨ
ਦਾ ਪ੍ਰਵਾਹ

Sri Satguru Jagjit Singh Ji Elibrary NamdhariElibrary@gmail.com

ਸਤਿਜੁਗ

੧੬ ਤੋਂ ੩੧ ਜੇਠ ੨੦੭੬ ਬ੍ਰਿ.
30 ਮਈ ਤੋਂ 14 ਜੂਨ 2019 ਈ:
ਜਿਲਦ 27, ਵੀਰਵਾਰ ਨੰਬਰ 9

ਸਤਿਜੁਗ:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015

Editorial Board:

Harvendra Singh Hanspal
Suwarn Singh Virk
Gurbhej Singh Guraya
Nishan Singh
Harpal Singh Sewak

Printed and Published by
Mr. Harvendra Singh Hanspal
on behalf of Namdhari Darbar.
Printed at Summit advertising press,
2DLF (Part), Moti Nagar, New Delhi
and Published from Namdhari Gurdwara,
Ramesh Nagar, New Delhi-110015.

Date of Publication: 12-6-2019,
Date of Posting: 13-14 June 2019
Posted at PSO New Delhi-110001

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

Account Name: Vishav Namdhari Sangat
A/c: 13101450000043
Ifsc code: HDFC0001310
ਇਕ ਸਾਲ : ਦੇਸ - 300 ਰੁ:, ਪ੍ਰਦੇਸ- 70$ Usd ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 280$Usd ਡਾਲਰ

Designed and Typeset
Vishav Namdhari sangat, Sri Bhaini sahib
satjug@sribhainisahib.com

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099
70713-63000

ਤਤਕਰਾ

* ਸੰਪਾਦਕੀ-- ਸ਼ਹੀਦੀ ਮਹੀਨਾ
  ਹਰਪਾਲ ਸਿੰਘ ਸੇਵਕ....................................4
* ਹੁਕਮਨਾਮਾ : ਸ੍ਰੀ ਸਤਿਗੁਰੂ ਰਾਮ ਸਿੰਘ ਜੀ.....................6
* ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ 6
* ਇਤਿਹਾਸਕਾਰੀ ਦੀ ਸਿਆਸਤ ਤੇ ਲੋਕ-ਮੁਖੀ ਇਤਿਹਾਸ
  ਡਾ. ਸੁਖਦੇਵ ਸਿੰਘ ਸਿਰਸਾ 9
* ਅਨੰਦ ਕਾਰਜ
  ਕਵੀ ਪ੍ਰੀਤਮ ਸਿੰਘ 20
* ਮਾਈਆਂ ਨੂੰ ਅੰਮ੍ਰਿਤ
  ਮਾ. ਗੁਰਦੇਵ ਸਿੰਘ ਸਿਆੜ 27
* *A Saga Of Sri Satguru Jagjit Singh ji*
  Dr. Sharada Jayagovind..............................30
* ਕਾਵਿ ਕਿਆਰੀ 31
* ਅੜਬੰਗੀ (ਨਾਵਲ)
  ਸੰਤ ਇੰਦਰ ਸਿੰਘ ਚੱਕ੍ਰਵਰਤੀ......................32
* ਸੁੱਚੇ ਮੋਤੀ 33
* ਬੱਚਿਆਂ ਦਾ ਪੰਨਾ..34
* ਖ਼ਬਰਨਾਮਾ...35

Sri Satguru Jagjit Singh Ji Elibrary NamdhariElibrary@gmail.com

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਜੁਗਿ ਸਚੁ ਕਹੈ ਸਭੁ ਕੋਈ॥

ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ। ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 203

ਸ਼ਹੀਦੀ ਮਹੀਨਾ

ਵੈਸੇ ਤਾਂ ਸਮੁੱਚਾ ਸਿੱਖ ਇਤਿਹਾਸ ਹੀ ਕੁਰਬਾਨੀਆਂ ਨਾਲ ਭਰਿਆ ਪਿਆ ਹੈ। ਪੂਰੇ ਦੇ ਪੂਰੇ ਪਰਿਵਾਰ, ਪੂਰੇ ਖਾਨਦਾਨ ਸ਼ਹੀਦ ਹੋਏ, ਏਥੋਂ ਤੱਕ ਕਿ ਸਿੱਖ ਕੌਮ ਦੇ ਗੁਰੂ, ਦਸਮ ਪਾਤਸ਼ਾਹ ਨੂੰ ਸਰਬੰਸ ਦਾਨੀ ਕਹਿ ਕੇ ਯਾਦ ਕੀਤਾ ਜਾਂਦਾ ਹੈ, ਪੂਰਾ ਸਰਬੰਸ ਹੀ ਸ਼ਹੀਦ ਹੋਇਆ, ਪਿਤਾ ਸ਼ਹੀਦ, ਮਾਤਾ ਸ਼ਹੀਦ ਅਤੇ ਚਾਰੇ ਸਾਹਿਬਜ਼ਾਦੇ ਸ਼ਹੀਦ। ਇਨ੍ਹਾਂ ਸ਼ਹੀਦੀਆਂ ਦੀ ਪਿਰਤ ਸ਼ੁਰੂ ਹੋਈ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ,ਇਸੇ ਲਈ ਆਪ ਜੀ ਨੂੰ ਸ਼ਹੀਦਾਂ ਦੇ ਸਿਰਤਾਜ ਕਹਿ ਕੇ ਯਾਦ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਗੁਰੂ ਤੇਗ ਬਹਾਦੁਰ ਜੀ ਨਾਲ ਸ਼ਹੀਦ ਹੋਏ ਸਿੱਖ, ਗੁਰੂ ਗੋਬਿੰਦ ਸਿੰਘ ਜੀ ਵੇਲੇ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਨਾਲ ਜੰਗਾਂ ਵਿੱਚ, ਬੰਦਾ ਬਹਾਦਰ ਅਤੇ ਸਾਥੀਆਂ ਦੀਆਂ ਸ਼ਹਾਦਤਾਂ, ਸਿੱਖਾਂ ਦੇ ਸਿਰਾਂ ਦੇ ਮੁੱਲ ਪੈਣੇ, ਬੱਚਿਆਂ ਦੇ ਟੁਕੜੇ ਕਰਕੇ ਮਾਵਾਂ ਦੀਆਂ ਝੋਲੀਆਂ ਪਾਉਣੇ ਪਰ ਉਨ੍ਹਾਂ ਨੇ ਸਿਦਕ ਨਾ ਹਾਰਨਾ, ਦੋ ਘੱਲੂਘਾਰੇ, ਕੇਵਲ ਅਠਾਰਵੀਂ ਸਦੀ ਵਿੱਚ ਹੀ ਕਰੀਬ ਇਕ ਲੱਖ ਸਿੱਖ ਸ਼ਹੀਦ ਹੋਏ। ਉਨੀਵੀਂ ਅਤੇ ਵੀਹਵੀਂ ਸਦੀ ਵਿੱਚ ਅੰਗਰੇਜ਼ ਸਾਮਰਾਜ ਨਾਲ ਜੂਝਦਿਆਂ ਨਾਮਧਾਰੀ ਸਿੰਘਾਂ ਦੀਆਂ ਬੇਮਿਸਾਲ ਕੁਰਬਾਨੀਆਂ, ਫਾਂਸੀਆਂ ਦੇ ਰੱਸੇ ਆਪ ਗਲਾਂ ਵਿੱਚ ਪਾ ਕੇ ਅਤੇ ਤੋਪਾਂ ਦੇ ਗੋਲੇ ਛਾਤੀਆਂ ਤੇ ਸਹਿ ਕੇ ਸਿੱਖੀ ਸਿਦਕ ਨਿਭਾਉਣਾ, ਗਦਰ ਲਹਿਰ, ਬੱਬਰ ਲਹਿਰ ਅਤੇ ਗੁਰਦੁਆਰਾ ਮੁਕਤੀ ਲਹਿਰ ਦੌਰਾਨ ਸਿੱਖਾਂ ਵਲੋਂ ਬਰਤਾਨਵੀ ਸਾਮਰਾਜ ਵਿਰੁੱਧ ਸੰਘਰਸ਼ ਦੌਰਾਨ ਕੁਰਬਾਨੀਆਂ ਨਾਲ ਇਤਿਹਾਸ ਭਰਿਆ ਪਿਆ ਹੈ।

ਪੂਰੇ ਵਰ੍ਹੇ ਵਿੱਚ ਸ਼ਾਇਦ ਹੀ ਕੋਈ ਦਿਨ ਹੋਵੇ ਜਿਸ ਦਿਨ ਕੋਈ ਸਿੱਖ ਸ਼ਹੀਦ ਨਾ ਹੋਇਆ ਹੋਵੇ। ਪਰ ਫੇਰ ਵੀ ਇਤਿਹਾਸ ਵਿੱਚ ਦੋ ਮਹੀਨੇ, ਸਿਖਰ ਦੀ ਗਰਮੀਂ, ਜੇਠ – ਹਾੜ ਅਤੇ ਹੱਡ ਚੀਰਵੀ ਠੰਡ ਪੋਹ – ਮਾਘ ; ਵਿਸ਼ੇਸ਼ ਤੌਰ ਤੇ ਸ਼ਹੀਦੀ ਮਹੀਨਿਆਂ ਵਜੋਂ ਜਾਣੇ ਜਾਂਦੇ ਹਨ, ਪੂਰੀ ਗਰਮੀਂ, ਜੇਠ ਦੀ ਤੱਤੀ ਲੋਅ ਸਮੇਂ ਤੱਤੀ ਤਵੀ ਤੇ ਠੰਡੀ ਮੂਰਤ ਪੰਚਮ ਪਾਤਸ਼ਾਹ ਦੀ ਸ਼ਹਾਦਤ, ਇਨ੍ਹਾਂ ਦਿਨਾਂ ਵਿੱਚ ਹੀ ਗਰਮੀ ਦੀ ਰੁੱਤੇ ਬਾਬਾ ਬੰਦਾ ਬਹਾਦਰ ਅਤੇ ਉਸਦੇ 700 ਸਾਥੀਆਂ ਦੀਆਂ ਸ਼ਹੀਦੀਆਂ, ਭਾਈ ਮਨੀ ਸਿੰਘ ਅਤੇ ਭਾਈ ਤਾਰੂ ਸਿੰਘ ਦੀ ਸ਼ਹੀਦੀ ਅਤੇ ਹਜ਼ਾਰੀ ਬਾਗ ਜੇਲ੍ਹ ਵਿੱਚ ਸੂਬਾ ਸਾਹਿਬ ਸਿੰਘ ਸ਼ਹਾਦਤ ਜਿਨ੍ਹਾਂ ਨੂੰ ਪਹਿਲਾਂ ਅਦਨ (ਯਮਨ) ਦੇ ਕਿਲੇ ਵਿੱਚ ਰੱਖਿਆ ਗਿਆ ਜਿੱਥੇ ਜਿਆਦਾ ਗਰਮੀ ਕਾਰਨ ਉਨ੍ਹਾਂ ਦੀ ਸੇਹਤ ਖਰਾਬ ਹੋ ਗਈ, ਉਨ੍ਹਾਂ ਦੇ ਨਾਲ ਸੂਬਾ ਕਾਨ੍ਹ ਸਿੰਘ ਵੀ ਸਨ; ਸੇਹਤ ਖਰਾਬ ਹੋਣ ਕਾਰਨ ਇਨ੍ਹਾਂ ਦੋਹਾਂ ਨੂੰ ਹਜ਼ਾਰੀ ਬਾਗ ਜੇਲ ਵਿੱਚ ਭੇਜ ਦਿੱਤਾ ਗਿਆ। ਜਿੱਥੇ ਸੂਬਾ ਸਾਹਿਬ ਸਿੰਘ 10 ਜੂਨ 1879 ਈ.ਨੂੰ ਝੜਾਈ ਕਰ ਗਏ। ਇਹ ਸਾਰੇ ਸਾਕੇ ਸਿਖਰ ਦੀ ਗਰਮੀ ਦੇ ਹੀ ਹਨ ।

ਇਸੇ ਤਰ੍ਹਾਂ ਪੂਰੀ ਠੰਡ ਦੇ ਦਿਨਾਂ ਦੇ ਸਾਕੇ ਹਨ: ਸ਼ਹੀਦੀ ਗੁਰੂ ਤੇਗ਼ ਬਹਾਦੁਰ ਜੀ। ਸਭ ਤੋਂ ਦਿਲ ਕੰਬਾਊ ਸਾਕਾ ਹੈ :

Sri Satguru Jagjit SIngh Ji Elibrary NamdhariElibrary@gmail.com

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦਾ ਪਰਿਵਾਰ ਅਤੇ ਕਰੀਬ ਪੰਜ - ਛੇ ਸੌ ਸਿੰਘਾਂ ਦੇ ਜਥੇ ਸਹਿਤ ਠੱਕੇ ਵਗਦੇ ਵਿਚ ਅੱਧੀ ਰਾਤ ਨੂੰ ਅਨੰਦਪੁਰ ਕਿਲ੍ਹਾ ਛੱਡਣਾ, ਸਰਸਾ ਨਦੀ ਪਾਰ ਕਰਨੀ, ਚਮਕੌਰ ਸਾਹਿਬ ਪੁੱਜਣ ਤੱਕ ਕੇਵਲ ਸਾਹਿਬਾਂ ਨਾਲ ਚਾਲੀ ਸਿੰਘ ਅਤੇ ਦੋ ਸਾਹਿਬਜ਼ਾਦੇ ਸਨ, ਦੋਵੇਂ ਸਾਹਿਬਜ਼ਾਦੇ ਅਤੇ ਪੈਂਤੀ ਕੁ ਸਿੰਘ ਚਮਕੌਰ ਦੇ ਯੁੱਧ ਵਿਚ ਸ਼ਹੀਦ ਹੋ ਗਏ। ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਭੁੱਖਣ ਭਾਣੇ ਠੰਡੇ ਬੁਰਜ ਵਿੱਚ ਰੱਖਣਾ, ਅਖੀਰ ਇਨ੍ਹਾਂ ਮਾਸੂਮ ਜ਼ਿੰਦਾ ਦਾ ਵੀ ਬੜੀ ਬਹਾਦਰੀ ਨਾਲ ਸ਼ਹੀਦ ਹੋਣਾ, ਮਾਤਾ ਜੀ ਨੇ ਵੀ ਆਪਣੇ ਤਨ ਦਾ ਠੀਕਰਾ ਜ਼ਾਲਮਾਂ ਸਿਰ ਭੰਨ ਦਿੱਤਾ। ਅਜੇਹਾ ਰੌਂਗਟੇ ਖੜ੍ਹੇ ਕਰਨ ਵਾਲਾ ਸਾਕਾ ਆਪਣੇ ਆਪ ਵਿੱਚ ਆਪ ਹੀ ਹੈ-

ਕੀ ਕਿਵੇਂ ਹੋਇਆ, ਹੋਣੀ ਕਿਵੇ ਵਰਤੀ,
ਸੂਰਜ ਜਾਣਦਾ ਏ ਜਾ ਫਿਰ ਚੰਦ ਜਾਣੇ;
ਲਿਖੇ ਕਲਮ ਤੇ ਦੰਦਲਾ ਪੈਂਦੀਆਂ ਨੇ,
ਖੂਨੀ ਕੰਧ ਜਾਣੇ ਜਾਂ ਸਰਹੰਦ ਜਾਣੇ।

ਇਨ੍ਹਾਂ ਅਤਿ ਸੀਤ ਦੇ ਦਿਨਾਂ ਵਿੱਚ ਹੀ ਵਾਪਰਿਆ ਸ਼ਹੀਦੀ ਸਾਕਾ ਮਲੇਰ ਕੋਟਲਾ, 17-18 ਜਨਵਰੀ 1872 ਈ. 65 ਸਿੰਘ ਤੋਪਾਂ ਅੱਗੇ ਸੀਨੇ ਤਾਣ ਕੇ ਸ਼ਹੀਦ ਹੋਏ ਅਤੇ ਇਕ 12 ਸਾਲ ਦਾ ਬਾਲਕ ਬਿਸ਼ਨ ਸਿੰਘ ਅੰਗਰੇਜ ਅਫਸਰ ਮਿ. ਕਾਵਨ ਦੀ ਦਾੜ੍ਹੀ ਨੂੰ ਜਾ ਚੰਬੜਿਆ, ਸਿਪਾਹੀਆਂ ਨੇ ਤਲਵਾਰ ਨਾਲ ਉਸਦੇ ਟੁੱਕੜੇ-ਟੁੱਕੜੇ ਕਰ ਦਿੱਤੇ। ਇਹ ਸਾਕਾ ਸੀ ਜਿਸਨੇ ਖਾਲਸੇ ਦੇ ਗੌਰਵਮਈ ਇਤਿਹਾਸ ਨੂੰ ਮੁੜ ਦੁਹਰਾਇਆ, ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਬੰਦੇ ਬਹਾਦਰ ਅਤੇ ਉਸਦੇ ਸਾਥੀਆਂ ਦੀਆਂ ਸ਼ਹੀਦੀਆਂ ਬਾਰੇ ਲਿਖਦਿਆਂ ਇਸ ਸਾਕੇ ਬਾਰੇ ਲਿਖਦੇ ਹਨ :

ਉਨ ਸਿੰਘਨ ਦਾ ਹਾਲ ਤੋ ਲਿਖਿਓ ਕਿਤਾਬਨ ਮਾਹਿ ,
ਹਮ ਨਿਜ ਨੈਨਣ ਜੋ ਪਿਖਿਓ ਸੋ ਅਬ ਸਾਚ ਸੁਨਾਹਿ।....
ਦੀਵੇ ਪਰ ਜਿਉ ਆਇ ਪਤੰਗੇ ਤਿਉ ਤੋਪਨ ਦਿਸ ਜਾਇ ਨਿਸੰਗੇ
....ਇਹ ਸਿੰਘਨ ਕੀ ਰੀਤੀ ਵਰ ਹੈਂ, ਸਸਤ੍ਰਨ ਕੀ ਮ੍ਰਿਤ ਤੇ ਨਹਿ ਡਰ ਹੈਂ।.....

ਇਹ ਕੁਰਬਾਨੀਆਂ ਕਿਸੇ ਲੋਭ, ਸਵਾਰਥ ਜਾਂ ਰਾਜ ਭਾਗ ਵਾਸਤੇ ਨਹੀਂ ਸਨ ਸਗੋਂ ਨਿਆਂ, ਸੱਚਾਈ, ਧਰਮ ਅਤੇ ਮਜ਼ਲੂਮਾਂ ਦੀ ਰੱਖਿਆ ਲਈ ਸਨ। ਇਨ੍ਹਾਂ ਕੁਰਬਾਨੀਆਂ ਸਦਕਾ ਹੀ ਇਕ ਇਤਿਹਾਸ ਸਿਰਜਿਆ ਗਿਆ, ਇਕ ਸਮਾਜ ਸਿਰਜਿਆ, ਅਜੇਹਾ ਸਮਾਜ -- ਜੋ ਜਿਊਂਦਾ ਗੁਰਾਂ ਦੇ ਨਾਮ ;

ਇਸ ਇਤਿਹਾਸ ਦੀ ਸਿਰਜਨਾ ਲਈ ਪੂਰਨੇ ਪਾਏ ਆਪ ਸਿੱਖ ਗੁਰੂ ਸਾਹਿਬਾਨ ਨੇ। ਆਪ ਦੇ ਪਾਏ ਪੂਰਨਿਆਂ ਤੇ, ਖੰਡੇ ਦੀ ਧਾਰ ਤੇ ਚੱਲ ਕੇ ਇਤਿਹਾਸ ਸਿਰਜਿਆ ਸਿੱਖਾਂ ਨੇ। ਆਦਿ ਗੁਰੂ, ਸਤਿਗੁਰੂ ਨਾਨਕ ਦੇਵ ਜੀ ਨੇ ਸਿੱਖੀ ਮੰਜਿਲ ਦੀ ਪਉੜੀ ਦੇ ਪਹਿਲੇ ਡੰਡੇ ਤੇ ਪੈਰ ਧਰਨ ਦੀ ਸ਼ਰਤ ਹੀ ਇਹ ਰੱਖੀ ਸੀ--

ਜਉ ਤਉ ਪ੍ਰੇਮ ਖੇਲਨ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥

ਇਹ ਮਾਰਗ ਹੈ ਸੱਚ ਦਾ, ਧਰਮ ਦਾ , ਸਮਰਪਣ ਦਾ , ਤਿਆਗ ਦਾ , ਜਿਸ ਦੇ ਹਰ ਪੈਰ ਤੇ ਸੰਕਟ ਹੁੰਦੇ ਹਨ :

ਜੇ ਚੱਲਨੈ ਸੱਚ ਦੇ ਰਾਹ ਤੇ, ਇਹਦੇ ਹਰ ਮੋੜ ਦੇ ਉਤੇ, ਕਦੇ ਸਰਹੰਦ ਆਵੇਗੀ, ਕਦੇ ਚਮਕੌਰ ਆਵੇਗਾ।

ਸ਼ਹੀਦਾਂ ਦੇ ਸਿਰਤਾਜ ਸਾਹਿਬ ਗੁਰੂ ਅਰਜੁਨ ਦੇਵ ਜੀ ਦੇ ਸ਼ਹੀਦੀ ਦਿਨ ਤੇ ਸਿੱਖ ਸੰਗਤਾਂ ਠੰਡੇ ਮਿੱਠੇ ਪਾਣੀ ਦੀਆਂ ਸ਼ਬੀਲਾਂ ਲਾਉਂਦੀਆਂ ਹਨ। ਉਹ ਗੁਰੂ ਸਾਹਿਬ ਜੋ ਜੇਠ ਦੀ ਤਪਦੀ ਲੋਅ ਵਿੱਚ ਤੱਤੀ ਤਵੀ ਤੇ ਬੈਠ ਕੇ ਵੀ ਸ਼ਾਂਤ ਰਹੇ ਅਤੇ ਆਪਣੀ ਮਹਾਨ ਕਰਨੀ ਦੁਆਰਾ ਸੰਦੇਸ਼ ਦਿੱਤਾ-

ਤੇਰਾ ਕੀਆ ਮੀਠਾ ਲਾਗੈ ॥

- ਹਰਪਾਲ ਸਿੰਘ ਸੇਵਕ, ਸੰਪ: 94176-01321

Sri Satguru Jagjit Singh Ji Elibrary NamdhariElibrary@gmail.com

ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਏਹੁ ਭੀ ਸਭ ਕੋ ਸੁਣਾਇ ਦੇਈ ਜੂਠਾ ਨਾ ਕੋਈ ਕਿਸੇ ਨੂ ਦੇਵੇ,
ਨਾ ਕੋਈ ਜੂਠਾ ਲੇਵੇ। ਏਹੁ ਕਾਸਦਾ ਸੀਤ ਪ੍ਰਸਾਦਿ ਹੈ?
ਜੀਅ ਦਾ ਜੂਠਾ ਖਾਧੇ ਤੇ ਕੀਧੇ ਕੁਬਾੜ ਖੁਲ ਗਏ ਹੈਨ, ਕੌਡੇ ਮਾਗੂ।
ਮੈ ਤਾ ਭਾਈ ਬਥੇਰਾ ਮਨੇ ਕੀਤਾ, ਨਾ ਹਟੇ।
ਹਾਰ ਕੇ ਮੈ ਬੀ ਚੁਪ ਕਰ ਰਿਹਾ।
ਪਰ ਮੈ ਰਾਜੀ ਨਹੀ ਥੀ, ਕਿਸ ਕਿਸ ਨੂ ਹਟਾਮਾ।
ਜੂਠਾ ਖਾਣਾ ਭਜਨ ਬਾਲਿਆ ਕਾ ਕੰਮ ਨਹੀ।
ਹੋਰ ਜੋ ਕੌਲੀ ਚੀਤੇ ਨੂ ਲੈ ਜਾਵੇ ਜਲੁ ਸੋ ਉਹ ਕੌਲੀ ਸੁਚੀ ਨਹੀ।
ਏਹੁ ਸਭ ਨੂ ਸੁਨਾਇ ਦੇਣਾ। ਅਗੇ ਰਲਾਇ ਦਿੰਦੇ ਥੇ ਕੌਲੀ।

ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ

ਮੈਲਬੌਰਨ ਆਸਟਰੇਲੀਆ ਵਿਖੇ **18-5-2019**

ਪਰਮ ਸਤਿਕਾਰਯੋਗ ਸਾਧਸੰਗਤ ਜੀ

ਪਿਛਲੇ ਚਾਰ ਪੰਜ ਦਿਨ ਤੋਂ ਤੁਹਾਡੇ ਸਾਰਿਆਂ ਨਾਲ ਹਰਿ ਜੱਸ ਦਾ ਇਹ ਅਨੰਦ ਲੈ ਰਹੇ ਹਾਂ ਜਿਹੜਾ ਕਿ ਭਾਗਾਂ ਨਾਲ ਮਿਲਦਾ ਹੈ।ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ, ਸ਼ਾਮ ਨੂੰ ਨਾਮ ਸਿਮਰਨ ਉਪਰੰਤ ਕੀਰਤਨ ਕਥਾ ਹੁੰਦੀ ਹੈ।ਅੱਜ ਵੀ ਤੁਸੀਂ ਸੰਤ ਨਿਸ਼ਾਨ ਸਿੰਘ ਹੋਰਾਂ ਪਾਸੋਂ ਹਰਿ ਜੱਸ ਸੁਣਿਆ, ਕੀਰਤਨ ਸੁਣਿਆ ਹੈ, ਮੈਂ ਕੁਛ ਅਰਜਾਂ ਕਰਨੀਆਂ ਚਾਹਾਂਗਾ ਸਾਰਿਆਂ ਤੋਂ ਪਹਿਲਾਂ ਤੁਹਾਡੀ ਮੈਲਬੋਰਨ ਦੀ ਸੰਗਤ ਨੂੰ, ਤੁਸੀਂ ਵਧਾਈ ਦੇ ਪਾਤਰ ਹੋ, ਜਿਹੜਾ ਤੁਸੀਂ ਇਕੱਠੇ ਹੋ ਕੇ ਜਗ੍ਹਾ ਬਣਾਈ, ਜਗਜੀਤ ਮੰਦਰ ਬਣਾਇਆ ਹੈ। ਇਸ ਗੱਲ ਦੀ ਬਹੁਤ ਖੁਸ਼ੀ ਹੈ ਅਤੇ ਤੁਸੀਂ ਕਿੰਨੇ ਪਿਆਰ ਨਾਲ ਕੀਤਾ ਹੈ ਚਾਅ ਨਾਲ ਕੀਤਾ ਹੈ।ਆਪਣੀ ਕਮਾਈ ਵਿਚੋਂ ਮਾਇਆ ਦੀ ਸੇਵਾ ਕੀਤੀ ਹੈ ਸਭ ਤੋਂ ਵੱਧ ਤੁਸੀਂ ਆਪਣਾ ਟਾਈਮ ਦੇ ਕੇ ਇਥੇ ਸੇਵਾ ਕੀਤੀ ਹੈ। ਮੈਂ ਸਮਝਦਾ ਹਾਂ ਕਿ ਇਹ ਸੇਵਾ ਕਰਨ ਦਾਂ ਮੌਕਾ ਵੱਡੇ ਭਾਗਾਂ ਤੋਂ ਬਿਨਾ ਨਹੀਂ ਮਿਲਦਾ। ਇਹ ਚੰਗੇ ਕਰਮ ਨੇ ਜਿਹੜੇ ਤੁਸੀ ਸਾਰੇ ਇਹ ਸੇਵਾ ਕਰ ਸੱਕੇ ਹੋ ਤੇ ਇਹ ਜਗ੍ਹਾ ਦੇ ਵੀ ਚੰਗੇ ਭਾਗ ਨੇ ਜਿਥੇ ਹਰਿ ਜੱਸ ਹੁੰਦਾ ਹੈ, ਜਿਥੇ ਗੁਰੂ ਦਾ ਜੱਸ ਹੁੰਦਾ ਹੈ।ਜਿਥੇ ਬੈਠ ਕੇ ਨਾਮ ਸਿਮਰਨ ਕੀਤਾ ਜਾਦਾ ਹੈ ਉਹ ਜਗ੍ਹਾ ਸੁਭਾਗੀ ਹੋ ਜਾਂਦੀ ਹੈ। ਤੁਸੀਂ ਐਨੀ ਸੰਗਤ ਨੇ ਬੈਠ ਕੇ ਨਾਮ ਸਿਮਰਨ ਕੀਤਾ ਹੈ, ਐਨੇ ਦਿਨ ਤੇ ਅੱਗੋਂ ਵੀ ਇਸ ਤਰ੍ਹਾਂ ਹੀ ਹੁੰਦਾ ਰਵੇ ਮੈਂ ਅਰਜ ਬੇਨਤੀ ਕਰਨਾ ਚਾਹਾਂਗਾ ਕਿ ਆਪਾਂ ਇਕ ਚੀਜ ਜਰੂਰ ਧਿਆਨ ਵਿੱਚ ਰੱਖੀਏ। ਮੇਰਾ ਖਿਆਲ ਕੱਲ ਸੰਤ ਨਿਸ਼ਾਨ ਸਿੰਘ ਹੋਰਾਂ ਹੀ ਗੱਲ ਕੀਤੀ ਸੀ ਧਰਮ ਦਾ ਅਰਥ ਇਹ ਨਾ ਬਣ ਜਾਵੇ ਕਿ ਆਪਾਂ ਇਥੇ ਕੁੱਛ ਮੰਗਣ ਵਾਸਤੇ ਹੀ ਆਉਣਾ ਹੈ। ਮੰਗਣ ਵਾਸਤੇ ਤਾਂ ਆਪਾਂ ਆਉਂਦੇ ਹੀ ਹਾਂ ਪਰ ਆਪਣੀਆਂ ਮੰਗਾਂ ਉੱਥੋਂ

Sri Satguru Jagjit SIngh Ji Elibrary NamdhariElibrary@gmail.com

ਤੱਕ ਨਾ ਰਹਿ ਜਾਣ ਕਿ ਮੇਰਾ ਕੰਮ ਠੀਕ ਹੋ ਜਾਵੇ, ਮੇਰੀ ਤਰੱਕੀ ਹੋ ਜਾਵੇ। ਜਿੱਥੇ ਵੀ ਆਪਾਂ ਜਾਂਦੇ ਹਾਂ ਗੁਰਦੁਆਰੇ ਵਿੱਚ, ਆਪਾਂ ਇਕ ਜੀਵਨ ਜਾਚ ਸਿੱਖਣ ਵਾਸਤੇ ਜਾਂਦੇ ਹਾਂ, ਇਹ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਦਾ ਪੰਥ ਹੈ ਜਿਨ੍ਹਾਂ ਨੇ ਇਹ ਸਿੱਖੀ ਵਿਚ ਸਾਨੂੰ ਇਕ ਨਵੀਂ ਜੀਵਨ ਜਾਚ ਦੱਸੀ ਹੈ, ਉਹ ਜੀਵਨ ਜਾਚ ਕੀ ਹੈ? ਕੀ ਅਸੀਂ ਆਪਣੇ ਕੰਮ ਕਾਰ ਕਰਦਿਆਂ ਹੋਇਆਂ, ਅਸੀਂ ਗ੍ਰਿਹਸਤ ਜੀਵਨ ਦੀ ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਹੋਇਆਂ ਪਰਮਾਤਮਾ ਨਾਲ ਜੁੜ ਸਕਦੇ ਹਾਂ, ਉਸ ਪਰਮਾਤਮਾ ਦੀ ਭਗਤੀ ਕਰ ਸਕਦੇ ਹਾਂ, ਅਸੀਂ ਚੰਗੇ ਇਨਸਾਨ ਬਣ ਸਕਦੇ ਹਾਂ ਤੇ ਚੰਗੇ ਗੁਰਸਿੱਖ ਬਣ ਸਕਦੇ ਹਾਂ।

ਉਹ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਦੀ ਸਿੱਖਿਆ ਹੈ ਇਸ ਜਗ੍ਹਾ ਦੀ ਸਭ ਤੋਂ ਅੱਛੀ ਵਰਤੋਂ ਇਹ ਹੋ ਸਕਦੀ ਹੈ ਕਿ ਤੁਸੀਂ ਇੱਥੇ ਜਿਸ ਤਰ੍ਹਾਂ ਹਫਤੇ ਵਿੱਚ ਇਕੱਠੇ ਹੁੰਦੇ ਹੋ ਅੱਜ ਜਿਸ ਤਰ੍ਹਾਂ ਰੌਣਕ ਹੈ ਇੱਥੇ ਜਰੂਰ ਆਉਂਦੇ ਰਹੋ ਆ ਕੇ ਇੱਥੇ ਨਾਮ ਸਿਮਰਨ ਹੋਵੇ, ਕੀਰਤਨ ਹੋਵੇ। ਮੈਂ ਇਹ ਵੀ ਅਰਜ਼ ਕਰਨੀ ਚਾਹਾਂਗਾ ਕਿ ਸਾਡੇ ਨੌਜਵਾਨ ਕਈ ਉੱਥੋਂ ਆਕੇ ਜੇ ਕਿਸੇ ਤਰ੍ਹਾਂ ਦੀ ਗਲਤੀ ਕਰ ਚੁੱਕੇ ਨੇ, ਸਿੱਖੀ ਦੀ ਬੇਅਦਬੀ ਕਰ ਚੁੱਕੇ ਨੇ, ਕਿਸੇ ਤਰ੍ਹਾਂ ਕੇਸ ਨਹੀਂ ਰੱਖੇ ਹੋਏ ਹੁਣ ਤਗੜੇ ਹੋਵੋ ਦੁਬਾਰਾ ਫਿਰ ਕੇਸ ਰੱਖੋ। ਆਪਾਂ ਬੜੇ ਮਾਣ ਨਾਲ ਜੀਊਂ ਸਕਦੇ ਹਾਂ ਕਿ ਅਸੀਂ ਦਸਵੇਂ ਪਾਤਸ਼ਾਹ, ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਦੀ ਦਿੱਤੀ ਸਿੱਖੀ ਦਾ ਮਾਣ ਕਰ ਸਕਦੇ ਹਾਂ, ਸਾਨੂੰ ਇਸ ਚੀਜ ਦੀ ਸ਼ਰਮ ਨਾ ਆਵੇ ਦੋ ਤਿੰਨ ਦਿਨ ਪਹਿਲੇ ਸਰਦਾਰ ਸਾਹਬ ਚਰਨਾਮ੍ਰਿਤ ਜੀ ਕੋਲ ਗਏ ਸੀ ਉਹ ਮੈਨੂੰ ਕਹਿੰਦੇ, ਜੀ ਜਿਹੜਾ ਕਹਿੰਦਾ ਹੈ ਕਿ ਮੈਨੂੰ ਕੇਸ ਰੱਖਣ ਨਾਲ ਨੌਕਰੀ ਨਹੀਂ ਮਿਲਦੀ ਮੇਰੇ ਕੋਲ ਆ ਜਾਵੇ, ਮੈਂ ਉਸਨੂੰ ਨੌਕਰੀ ਦਵਾ ਦਵਾਂਗਾ।

ਹੁਣ ਉਹ ਮਹੌਲ ਬਣ ਗਿਆ ਹੈ ਕਿ ਸਿੱਖੀ ਦਾ ਸਤਿਕਾਰ ਆਉਣ ਲੱਗ ਗਿਆ ਹੈ ਉਹ ਸਤਿਕਾਰ ਤਾਂ ਪਹਿਲੇ ਸੀ ਅਸੀਂ ਆਪਣੀ ਕਮਜੋਰੀ ਕਰਦਿਆਂ ਹੋਇਆ ਉਹ ਸਿੱਖੀ ਜਿਸਨੂੰ ਸੱਚੇ ਪਾਤਸ਼ਾਹ ਨੇ ਆਪਣੇ ਸਹਿਬਜ਼ਾਦਿਆਂ ਦੀ ਸ਼ਹੀਦੀ ਨਾਲ ਜਿਸਨੂੰ ਸੱਚੇ ਪਾਤਸ਼ਾਹ ਨੇ ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ ਦੀ ਸ਼ਹੀਦੀ ਨਾਲ ਪਾਲਿਆ ਆਪਾਂ ਛੋਟੀਆਂ-ਛੋਟੀਆਂ ਗੱਲਾਂ ਤੋਂ ਉਸ ਸਿੱਖੀ ਨੂੰ ਖਤਮ ਨਾ ਹੋਣ ਦਈਏ, ਇੱਥੇ ਰਹਿੰਦਿਆਂ ਹੋਇਆਂ ਬਾਕੀ ਸਾਰਾ ਕੰਮ ਕਰਦਿਆਂ ਹੋਇਆਂ ਇਹ ਜ਼ਿੰਮੇਵਾਰੀ ਵੀ ਤੁਹਾਡੀ ਹੈ ਕਿ ਆਪ ਆਪਾਂ ਚੰਗੇ ਸਿੱਖ ਬਣਕੇ ਰਹਿਣਾ ਹੈ, ਆਪਾਂ ਆਪਣੇ ਬੱਚਿਆਂ ਨੂੰ ਸਿੱਖੀ ਨਾਲ ਜੋੜ ਕੇ ਰੱਖਣਾ ਹੈ ਜਿਹੜਾ ਸਾਨੂੰ ਲਾਈਫ ਸਟਾਈਲ, ਜਿਹੜੀ ਸਾਨੂੰ ਜੀਵਨ ਜਾਚ ਦੱਸੀ ਗਈ ਹੈ, ਉਸ ਜੀਵਨ ਜਾਚ ਮੁਤਾਬਿਕ ਰਹਿਣਾ ਹੈ। ਉਹ ਜੀਵਨ ਜਾਚ ਕੀ ਹੈ? ਉਹ ਬੜੀ ਸੌਖੀ ਜੀਵਨ ਜਾਚ ਹੈ ਤੇ ਉਹ ਸੁਖੀ ਰਹਿਣ ਦਾ ਇਕ ਸਾਧਨ ਹੈ ਉਹ ਜੀਵਨ ਜਾਚ ਇਹ ਹੈ ਕਿ ਆਪਾਂ ਸੂਰਜ ਚੜਨ ਤੋਂ ਪਹਿਲਾਂ ਉੱਠੀਏ ਜੇ ਆਪਣੀ ਜੌਬ ਜਲਦੀ ਹੋਵੇ ਆਪਾਂ ਜਰੂਰ ਉੱਠ ਪੈਂਦੇ ਹਾਂ, ਪਰ ਆਪਾਂ ਸੂਰਜ ਚੜਨ ਤੋਂ ਪਹਿਲਾਂ ਉੱਠ ਕੇ ਬੜਾ ਸੌਖਾ ਸੌਖਾ ਕੰਮ ਹੈ ਆਪਾਂ ਸਣੇ ਕੇਸੀ ਇਸ਼ਨਾਨ ਕਰ ਲਈਏ, ਇੱਥੇ ਕੋਈ ਤੁਹਾਨੂੰ ਮੁਸ਼ਕਲ ਨਹੀਂ ਹਰ ਤਰ੍ਹਾਂ ਦੇ ਸਾਧਨ ਨੇ, ਆਪ ਉੱਠੋ, ਬੱਚਿਆਂ ਨੂੰ ਉੱਠ ਕੇ ਸਣੇ ਕੇਸੀ ਇਸ਼ਨਾਨ ਕਰਵਾਉ ਦੱਸ ਮਿੰਟ, ਪੰਦਰਾਂ ਮਿੰਟ ਸਵੇਰੇ ਸੰਤ ਬਲਬੀਰ ਸਿੰਘ ਜੀ ਗੱਲ ਕਰਦੇ ਸੀ ਉਹ ਕੋਸ਼ਿਸ਼ ਕਰੋ ਮਨ ਲਾ ਕੇ ਜਿਸ ਮਾਲਕ ਦਾ ਦਿੱਤਾ ਆਪਾਂ ਖਾਦੇ ਹਾਂ, ਜਿਸ ਮਾਲਕ ਦੇ ਦਿੱਤੇ ਹੋਏ ਇਹ ਸੁੱਖ ਨੇ, ਜਿਸ ਮਾਲਕ ਦੇ ਦਿੱਤੇ ਹੋਏ ਇਹ ਪ੍ਰਾਣ ਨੇ, ਇਹ ਧਨ, ਇਹ ਤਨ ਏ ਉਸਨੂੰ ਯਾਦ ਕਰੀਏ। ਜਿਨਾ ਹੌਲੀ-ਹੌਲੀ ਇਹ ਅਭਿਆਸ ਕਰੋਗੇ ਉਹ ਅਭਿਆਸ ਵਧਣ ਲੱਗ ਜਾਦਾਂ ਹੈ ਪਰ ਜੇ ਆਪਾਂ ਦੱਸ ਮਿੰਟ, ਪੰਦਰਾਂ ਮਿੰਟ ਵੀ ਇਕ ਮਨ ਹੋਕੇ ਨਾਮ ਸਿਮਰਨ ਕਰਕੇ ਅਰਦਾਸ ਕਰਕੇ ਜਾਵਾਂਗੇ, ਸਾਡੇ ਕੰਮਾਂ ਵਿੱਚ ਵਾਧਾ ਹੋਵੇਗਾ। ਤੁਸੀਂ ਕੋਈ ਲਗਾਤਾਰ ਕਰਕੇ ਵੇਖ ਲਵੋ ਤੁਹਾਡੇ ਕੰਮਾਂ ਵਿੱਚ ਵਾਧਾ ਹੋਵੇਗਾ ਤੇ ਸਭ ਤੋਂ ਉੱਪਰ ਤੁਹਾਡਾ ਮਨ ਸੁੱਖੀ ਰਹੇਗਾ, ਤੁਹਾਡੇ ਅੰਦਰੋਂ ਈਰਖਾ ਘਟੇਗੀ, ਇਹ ਜਦੋਂ ਅਸੀਂ ਨਾਮ ਜਪਦੇ ਹਾਂ ਇਹ ਚੀਜਾਂ ਆਪਣੇ ਆਪ ਹੋਣ ਲੱਗ ਜਾਦੀਆਂ ਨੇ। ਇਹ ਇੱਕ ਦਮ ਇਹ ਨਹੀਂ ਕਿ ਕੋਈ ਬਹੁਤ ਵੱਡਾ ਪ੍ਰਕਾਸ਼ ਹੋ ਜਾਏਗਾ, ਬਹੁਤ ਵੱਡੀ ਕਰਾਮਾਤ ਹੋ ਜਾਏਗੀ, ਪਰ ਕਰਾਮਾਤ ਇਹ ਹੁੰਦੀ ਹੈ ਕਿ ਆਪਾਂ ਜਿਉਂ ਜਿਉਂ ਉਸ ਰਸਤੇ ਤੇ ਚੱਲਦੇ ਹਾਂ ਆਪਾਂ ਸੁਖੀ ਹੋਣ ਲੱਗ ਜਾਂਦੇ ਹਾਂ ਮੈਂ ਅੱਗੇ ਵੀ ਬੜੀ ਵਾਰੀ ਗੱਲ ਕੀਤੀ ਹੈ, ਬਹੁਤ ਵਾਰੀ ਆਪਾਂ ਨਾਮ ਸਿਮਰਨ ਕਰਦੇ ਹਾਂ ਆਪਣਾ ਮਨ ਉੱਥੇ ਨਹੀਂ ਹੁੰਦਾ, ਸਵੇਰੇ ਸੰਤਾਂ ਨੇ ਵੀ ਇਹੋ ਬਚਨ ਕੀਤਾ ਸੀ। ਉਹ ਆਪਾਂ ਮਨ ਨੂੰ ਮੋੜ ਕੇ ਪਰਮਾਤਮਾ ਦੇ, ਅਕਾਲ ਪੁਰਖ ਦੇ, ਸਤਿਗੁਰੂ ਸੱਚੇ ਪਾਤਸ਼ਾਹ ਦੇ ਚਰਨਾਂ ਵਿੱਚ ਲਾਉਣਾ ਹੈ, ਸਤਿਗੁਰੂ ਦੀ ਮੂਰਤ ਦਾ ਧਿਆਨ ਰੱਖ ਕੇ, ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਹੁਕਮ ਕਰਦੇ ਸੀ ਨਾਮ ਐਨੇ ਪਿਆਰ ਨਾਲ ਲਵੋ ਜਿਹੜੀ ਚੀਜ਼ ਤੁਹਾਨੂੰ ਸਾਰਿਆਂ ਤੋਂ ਪਿਆਰੀ ਹੈ ਉਨੇ ਪਿਆਰ ਨਾਲ ਤੁਸੀਂ ਨਾਮ ਜਪੋ, ਨਾਮ ਦਾ ਉਚਾਰਣ ਸਹੀ ਹੋਵੇ, ਜੇ ਤੁਹਾਨੂੰ ਆਪਣੇ ਕੰਨਾਂ ਵਿੱਚ ਸਹੀ ਉਚਾਰਣ ਨਾਲ ਨਾਮ ਸੁਣਦਾ ਹੈ. ਤੁਹਾਡਾ ਉੱਥੇ ਹੀ ਮਨ ਲੱਗਣ ਲੱਗ ਜਾਂਦਾ ਹੈ, ਜੇ ਨਾਮ ਸਿਮਰਨ ਕਰਦਿਆਂ ਹੋਇਆ ਵੀ ਨਾਲ ਆਪਾਂ

ਮੈਸਿਜ਼ ਕਰਦੇ ਹਾਂ, ਆਪਾਂ ਸੋਸਲ ਮੀਡੀਆ ਤੇ ਹਾਂ ਆਪਣਾ ਧਿਆਨ ਹੋਰ ਕਿਤੇ ਹੈ ਫਿਰ ਉਹ ਨਾਮ ਵੀ ਉਸ ਤਰ੍ਹਾਂ ਫਲੀਭੂਤ ਨਹੀਂ ਹੁੰਦਾ, ਇਸ ਕਰਕੇ ਆਪਾਂ ਇਹ ਕੋਸ਼ਿਸ਼ ਕਰੀਏ ਕਿ ਜਦੋ ਆਪਾਂ ਨਾਮ ਸਿਮਰਨ ਕਰਦੇ ਹਾਂ ਸਾਡਾ ਧਿਆਨ ਲੱਗੇ, ਅਸੀਂ ਜੁੜ ਸਕੀਏ।

ਉਸ ਤੋਂ ਬਾਅਦ ਜਦੋਂ ਅਸੀਂ ਅਰਦਾਸ ਕਰਦੇ ਹਾਂ, ਅਰਦਾਸ ਕਰਦਿਆਂ ਵੀ ਇਕ ਮਨ ਹੋਕੇ ਅਰਦਾਸ ਕਰੀਏ ਉਹ ਇਹ ਨਹੀਂ ਕਿ ਬਹੁਤ ਨਾਮ ਸਿਮਰਨ ਕਰਨ ਵਾਲਿਆਂ ਦੀ ਸੁਣਦਾ ਹੈ, ਬਹੁਤ ਵੱਡਿਆਂ ਦੀ ਸੁਣਦਾ ਹੈ, ਬਹੁਤ ਭਗਤਾਂ ਦੀ ਸੁਣਦਾ ਹੈ, ਉਹ ਹਰ ਇਕ ਦੀ ਸੁਣਦਾ ਹੈ, ਕਿਉਂਕਿ ਉਹ ਹਰ ਇਕ ਨੂੰ ਦਿੰਦਾ ਹੈ, ਉਸ ਪਰਮਾਤਮਾ ਨੇ ਹਰ ਇਕ ਨੂੰ ਪੈਦਾ ਕੀਤਾ ਹੋਇਆ ਹੈ ਪਰ ਆਪਾਂ ਮਨੋਂ ਅਰਦਾਸ ਤਾਂ ਕਰੀਏ ਅਤੇ ਉਸ ਵਿਸ਼ਵਾਸ਼ ਨਾਲ ਅਰਦਾਸ ਕਰੀਏ ਕਿ ਉਹ ਮਾਲਕ ਦੇ ਚਰਨਾਂ ਵਿੱਚ ਜੇ ਅਸੀਂ ਜੁੜ ਕੇ ਅਰਦਾਸ ਕਰਾਂਗੇ ਤੇ ਉਹ ਜਰੂਰ ਸਾਨੂੰ ਦੇਵੇਗਾ, ਇਹ ਜਰੂਰ ਪੱਕੀ ਕਰੋ ਕਿ ਸਾਰੀਆਂ ਪੜਾਈਆਂ ਦੇ ਨਾਲ ਸਾਰਿਆਂ ਤੋਂ ਪਹਿਲਾਂ ਆਪਣੇ ਬੱਚਿਆਂ ਨੂੰ, ਤੁਹਾਡੀ ਮਾਪਿਆਂ ਦੀ ਵੱਡੀ ਜੁੰਮੇਵਾਰੀ ਹੋ ਜਾਂਦੀ ਹੈ ਇੱਥੇ ਰਹਿੰਦਿਆਂ ਹੋਇਆਂ ਖਾਸ ਕਰਕੇ ਕਿ ਬੱਚਿਆਂ ਨੂੰ ਤੁਸੀਂ ਕਿਵੇ ਆਪਣੇ ਵਿਰਸੇ ਨਾਲ ਜੋੜਕੇ ਰੱਖਣਾ ਹੈ, ਘੱਟ ਤੋਂ ਘੱਟ ਸਾਰਿਆਂ ਤੋਂ ਪਹਿਲਾਂ ਇਹ ਕਦਮ ਹੋਵੇ ਕਿ ਬੱਚੇ ਨੂੰ ਅਰਦਾਸ ਜਰੂਰ ਆਉਂਦੀ ਹੋਵੇ, ਉਸ ਅਰਦਾਸ ਦਾ ਬੱਚੇ ਨੂੰ ਮਤਲਬ ਵੀ ਪਤਾ ਹੋਵੇ ਕਿ ਜੇ ਅਸੀਂ ਅਰਦਾਸ ਵਿੱਚ ਕਹਿੰਦੇ ਹਾਂ ਸੱਚੇ ਪਾਤਸ਼ਾਹ ਕੋਈ ਦੁਖੀਆ ਰਹੇ ਹੀ ਨਾਂ ਉਹਦਾ ਮਤਲਬ ਕੀ ਹੈ? ਉਹ ਵੀ ਅਸੀਂ ਦਿਲੋਂ ਮੰਗੀਏ।

ਜੇ ਅਸੀਂ ਕਹਿੰਦੇ ਹਾਂ ਤੇਰੇ ਭਾਣੇ ਸਰਬਤ ਦਾ ਭਲਾ, ਉਹ ਬੱਚਿਆਂ ਨੂੰ ਪਤਾ ਹੋਵੇ, ਜੇ ਅਸੀਂ ਕਹਿੰਦੇ ਹਾਂ ਮਨਮੁੱਖ ਬੇਮੁੱਖ ਹੋ ਕੇ ਕਦੀ ਨਾ ਮਰੀਏ, ਤੇਰੀ ਇਹ ਸਿੱਖੀ ਬਣੀ ਰਹੇ ਬੱਚਿਆਂ ਨੂੰ ਉਸ ਚੀਜ ਦਾ ਪਤਾ ਹੋਵੇ। ਆਪਾਂ ਮਨੋਂ ਅਰਦਾਸ ਕਰ ਕੇ ਜਾਈਏ ਉਹ ਸਤਿਗੁਰੂ ਕਦੀ ਵੀ ਦੂਰ ਨਹੀਂ, ਉਹ ਸਦਾ ਹੀ ਨੇੜੇ ਹੈ, ਆਪਾਂ ਇਸ ਵਿਸ਼ਵਾਸ਼ ਨਾਲ ਮਨੋ ਮੰਗੀਏ, ਸਾਡੀਆਂ ਜਿਹੜੀਆਂ ਇੱਥੋਂ ਦੀਆਂ ਲੋੜਾਂ ਨੇ ਉਹ ਵੀ ਪੂਰੀਆਂ ਹੁੰਦੀਆ ਨੇ ਤੇ ਜਿੱਥੇ ਅਸੀਂ ਅੱਗੇ ਵੀ ਜਾਣਾ ਹੈ ਅਸੀਂ ਉੱਥੇ ਵੀ ਸੁਰਖਰੂ ਹੋ ਕੇ ਜਾ ਸਕਦੇ ਹਾਂ ਮੇਰਾ ਖਾਸ ਕਰਕੇ ਕਹਿਣ ਦਾ ਮਤਲਬ ਸੀ ਕਿ ਜੇ ਅਸੀਂ ਇੱਥੇ ਆਏ ਹਾਂ ਉਸ ਚੀਜ ਦਾ ਫਰਕ ਪਵੇ ਤਾਂ ਸਾਡਾ ਆਉਣਾ ਵੀ ਸਫਲ ਹੋ ਜਾਂਦਾ ਹੈ। ਫਰਕ ਕੀ ਪਵੇ? ਅੱਗੇ ਨਾਲੋਂ ਨਾਮ ਸਿਮਰਨ ਵੱਧ ਜਾਵੇ, ਅੱਗੇ ਨਾਲੋਂ ਸਵੇਰੇ ਉੱਠਣ ਵਾਲੀ ਸਾਧ ਸੰਗਤ ਵੱਧ ਜਾਵੇ, ਬੱਚੇ ਅੱਗੇ ਨਾਲੋਂ ਜਾਦਾ ਗੁਰਬਾਣੀ ਨਾਲ ਜੁੜ ਜਾਣ, ਬੱਚੇ ਨਾਮ ਸਿਮਰਨ ਜਿਆਦਾ ਕਰਨ ਲੱਗ ਜਾਣ ਤਾਂ ਸਾਡੇ ਆਉਣ ਦਾ ਵੀ ਫਾਇਦਾ ਹੋਵੇਗਾ। ਇਕ ਤੁਹਾਡੇ ਇਸ ਬੜੇ ਸੋਹਣੇ ਮਾਹੌਲ ਨੂੰ ਕਾਇਮ ਰੱਖਣ ਵਾਸਤੇ ਮੈਂ ਖਾਸ ਕਰਕੇ ਅਰਜ ਕਰਨਾ ਚਾਹੁੰਦਾ ਹਾਂ ਕਿ ਆਪਸ ਵਿੱਚ ਪ੍ਰੇਮ ਪਿਆਰ ਨਾਲ ਰਹਿਣਾ ਬਹੁਤ ਜਰੂਰੀ ਹੈ, ਕਿਸੇ ਦੇ ਅੰਦਰ ਵੀ ਕਿਸੇ ਵਾਸਤੇ ਈਰਖਾ ਨਾ ਹੋਵੇ, ਜੇ ਕਿਸੇ ਵਾਸਤੇ ਈਰਖਾ ਹੈ ਤਾਂ ਕੋਸ਼ਿਸ਼ ਕਰੋ ਉਸਨੂੰ ਉਚੇਚਾ ਬੁਲਾਓ, ਉਸਨੂੰ ਸਗੋਂ ਪਿਆਰ ਨਾਲ ਬੁਲਾਓ ਕਿਉਂਕਿ ਆਪਾਂ ਸ਼ੁਰੂ ਹੀ ਉੱਥੋਂ ਕਰਦੇ ਹਾਂ

"ਬਿਸਰਿ ਗਈ ਸਭ ਤਾਤਿ ਪਰਾਈ॥ ਜਬ ਤੇ ਸਾਧ ਸੰਗਤਿ ਮੋਹਿ ਪਾਈ॥"

ਜਦੋਂ ਤੋਂ ਮੈਂ ਸਾਧ ਸੰਗਤ ਵਿੱਚ ਆਉਣ ਲੱਗਾ ਹਾਂ, ਜਦੋਂ ਤੋਂ ਮੈਂ ਸਾਧੂਆਂ ਦੀ ਸੰਗਤ ਕਰਨ ਲੱਗਾਂ ਹਾਂ ਮੇਰੇ ਮਨ ਦੀ ਸਾਰੀ ਈਰਖਾ ਖਤਮ ਹੋ ਗਈ ਹੈ। ਕੱਲ ਪਰਸੋਂ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦਾ ਉਪਦੇਸ਼ ਸੁਣਦੇ ਸੀ, ਸੱਚੇ ਪਾਤਸ਼ਾਹ ਬੜੇ ਜੋਰ ਨਾਲ ਹੁਕਮ ਕੀਤਾ ਹੈ ਕਿਸੇ ਦੀ ਵੀ ਨਿੰਦਿਆ ਨਾ ਕਰੋ, ਨਿੰਦਿਆ ਤੇ ਈਰਖਾ ਦਾ ਬੜਾ ਨੇੜੇ ਦਾ ਸਬੰਧ ਹੈ। ਜਦੋਂ ਅਸੀਂ ਕਿਸੇ ਨੂੰ ਵੀ ਮਾੜਾ ਕਹਿੰਦੇ ਹਾਂ। ਸਾਡਾ ਆਪਣਾ ਮਨ ਹੀ ਮਾੜਾ ਹੋ ਜਾਂਦਾ ਹੈ, ਕਿਸੇ ਨੂੰ ਵੀ ਮਾੜਾ ਨਾ ਆਖੋ, ਆਪਾਂ ਕੋਸ਼ਿਸ਼ ਕਰੀਏ ਕਿਸੇ ਦੀ ਵੀ ਬੁਰਿਆਈ ਨਾ ਕਰੀਏ। ਜੇ ਅਸੀਂ ਬੈਠੇ ਹਾਂ ਕਿਸੇ ਨੂੰ ਚੰਗਾਂ ਆਖੀਏ, ਆਪਾਂ ਕਿਸੇ ਗੁਰੂ ਸਾਹਿਬ ਦੀ ਸਾਖੀ ਕਰੀਏ, ਆਪਾਂ ਗੁਰਬਾਣੀ ਦੇ ਅਰਥ ਸਮਝਣ ਦੀ ਕੋਸ਼ਿਸ਼ ਕਰੀਏ ਇਹ ਕਰਨ ਨਾਲ ਅਸੀਂ ਸਿੱਖੀ ਨਾਲ ਜੁੜਦੇ ਹਾਂ। ਇੱਕ ਵਾਰੀ ਫੇਰ ਮੇਰੇ ਨਾਲ ਆਈ ਸਾਧ ਸੰਗਤ ਵੱਲੋਂ ਵੀ ਤੁਹਾਡੀ ਮੈਲਬੌਰਨ ਦੀ, ਆਸਟਰੇਲੀਆਂ ਦੀ ਸੰਗਤ ਇੱਥੇ ਪਰਥ ਤੋਂ ਵੀ ਤੁਸੀਂ ਆਏ ਹੋ, ਬਰਿਸਬਿਨ ਤੋਂ ਵੀ ਆਏ ਹੋ, ਤੁਹਾਡਾ ਸਾਰਿਆਂ ਦਾ ਬਹੁਤ-ਬਹੁਤ ਧੰਨਵਾਦ ਤੇ ਇਹ ਅਰਦਾਸ ਹੈ ਕਿ ਸਤਿਗੁਰੂ ਸੱਚੇ ਪਾਤਸ਼ਾਹ ਕਿਰਪਾ ਕਰਨ, ਬਖਸ਼ਿਸ਼ ਕਰਨ, ਉਨ੍ਹਾਂ ਦੀ ਸਿੱਖੀ ਹੋਰ ਵਧੇ ਫੁੱਲੇ, ਅਸੀਂ ਹੋਰ ਨਾਮ ਸਿਮਰਨ ਕਰਕੇ ਉਹਨਾਂ ਦੀਆਂ ਖੁਸ਼ੀਆਂ ਲੈ ਸਕੀਏ। ਇਹ ਅਰਜ ਕਰਕੇ ਮੈਂ ਆਪ ਤੋਂ ਆਗਿਆ ਲੈਦਾ ਹਾਂ।

ਸਤਿ ਸ੍ਰੀ ਅਕਾਲ

Sri Satguru Jagjit Singh Ji Elibrary NamdhariElibrary@gmail.com

ਇਤਿਹਾਸਕਾਰੀ ਦੀ ਸਿਆਸਤ ਤੇ ਲੋਕ-ਮੁਖੀ ਇਤਿਹਾਸ
(ਪ੍ਰਸੰਗ ਨਾਮਧਾਰੀ ਬਾਰਾਂ-ਮਾਹੇ)

✍-ਡਾ.ਸੁਖਦੇਵ ਸਿੰਘ ਸਿਰਸਾ

ਭਾਰਤ ਦੇ ਸੁਤੰਤਰਤਾ ਸੰਗਰਾਮ ਦਾ ਇਤਿਹਾਸ ਲਿਖਣ ਵਾਲੇ ਲੇਖਕਾਂ ਅਤੇ ਇਤਿਹਾਸਕਾਰਾਂ ਨੇ ਪੰਜਾਬ ਦੀਆਂ ਕੌਮੀ ਮੁਕਤੀ ਲਹਿਰਾਂ ਦਾ ਬਣਦਾ ਹੱਕ ਅਦਾ ਨਹੀਂ ਕੀਤਾ। ਨਿਰਸੰਦੇਹ, ਭਾਰਤ ਵਰਗੇ ਵਿਸ਼ਾਲ, ਬਹੁ-ਕੌਮੀ ਤੇ ਬਹੁ-ਭਾਸ਼ੀ ਦੇਸ਼ ਦੇ ਵੱਖ-ਵੱਖ ਖਿੱਤਿਆਂ ਵਿਚ ਬਸਤੀਵਾਦੀ ਹਕੂਮਤ ਵਿਰੁੱਧ ਉੱਠੀਆਂ ਸਿਆਸੀ ਲਹਿਰਾਂ ਤੇ ਜਨ-ਅੰਦੋਲਨਾਂ ਦਾ ਸਹੀ-ਸਹੀ ਤੇ ਪ੍ਰਮਾਣਕ ਮੁਲਾਂਕਣ ਚੁਣੌਤੀ ਭਰਿਆ ਕਾਰਜ ਹੈ। ਪਰ ਅਸਲ ਸਮੱਸਿਆ ਇਤਿਹਾਸ ਨੂੰ ਕਾਨੀਬੱਧ ਕਰਨ ਵਾਲੇ ਇਤਿਹਾਸਕਾਰਾਂ ਦੀ ਦ੍ਰਿਸ਼ਟੀ, ਉਨ੍ਹਾਂ ਦੇ ਇਤਿਹਾਸ-ਬੋਧ ਅਤੇ ਜਾਤੀ-ਜਮਾਤੀ ਹਿੱਤਾਂ ਕਰਕੇ ਹੈ। ਭਾਰਤ ਦੇ ਕੌਮੀ ਮੁਕਤੀ ਸੰਗਰਾਮ ਤੇ ਉਸ ਨਾਲ ਜੁੜੇ ਖੇਤਰੀ ਜਨ-ਅੰਦੋਲਨਾਂ ਦੀ ਇਤਿਹਾਸਕਾਰੀ ਬਾਰੇ ਈਸਟ ਇੰਡੀਆ ਕੰਪਨੀ, ਬਰਤਾਨਵੀ ਹਕੂਮਤ ਦੇ ਅਧਿਕਾਰੀਆਂ ਤੇ ਬਸਤੀਵਾਦੀ ਵਿਚਾਰਧਾਰਾ ਦੇ ਸਮਰਥਕ ਇਤਿਹਾਸਕਾਰਾਂ ਦਾ ਨਜ਼ਰੀਆ ਉਦਯੋਗਿਕ ਬੁਰਜਵਾ ਵਰਗ ਦੇ ਪ੍ਰਤੀਨਿਧਾਂ, ਰਾਸ਼ਟਰਵਾਦੀ ਲੇਖਕਾਂ ਅਤੇ ਖੱਬੇਪੱਖੀ ਇਤਿਹਾਸਕਾਰਾਂ ਨਾਲ ਕਿਵੇਂ ਮੇਲ ਖਾ ਸਕਦਾ ਸੀ? ਜੇ ਕੌਮੀ ਸੁਤੰਤਰਤਾ ਸੰਗਰਾਮ ਦੀ ਇਤਿਹਾਸਕਾਰੀ ਬਾਰੇ ਭਾਰਤੀ ਇਤਿਹਾਸਕਾਰ ਵੀ ਇਕਮਤ ਨਹੀਂ, ਤਾਂ ਇਸ ਦਾ ਕਾਰਨ ਸਾਡੀ ਰਾਸ਼ਟਰਵਾਦੀ ਚੇਤਨਾ ਵਿਚਲੇ ਦਵੰਦ ਤੇ ਟਕਰਾਅ ਹਨ। ਬਰਤਾਨਵੀ ਬਸਤੀਵਾਦ ਦੇ ਪ੍ਰਵੇਸ਼ ਤੋਂ ਪਹਿਲਾਂ ਹਿੰਦੁਸਤਾਨ ਵੱਖ-ਵੱਖ ਰਾਜਸੀ ਇਕਾਈਆਂ ਵਾਲਾ ਖਿੱਤਾ ਸੀ।ਨਸਲ, ਕੌਮ, ਧਰਮ ਤੇ ਜਾਤੀ ਉੱਤੇ ਆਧਾਰਤ ਸਾਮੰਤੀ ਰਿਆਸਤਾਂ ਕੋਲ ਕੌਮੀ ਭਾਵਨਾ ਜਾਂ ਸਾਂਝੇ ਰਾਸ਼ਟਰ ਦਾ ਕੋਈ ਸੰਕਲਪ ਨਹੀਂ ਸੀ। ਬਰਤਾਨਵੀ ਬਸਤੀਵਾਦੀ ਹਕੂਮਤ ਨੇ ਆਪਣੇ ਆਰਥਕ ਹਿਤਾਂ (ਉਤਪਾਦਨ ਤੇ ਮੁਨਾਫ਼ੇ 'ਚ ਵਾਧੇ) ਲਈ ਬਿਖਰੀਆਂ ਰਾਜਸੀ ਇਕਾਈਆਂ ਨੂੰ ਸਾਂਝੇ ਰਾਸ਼ਟਰ ਦੇ ਸੂਤਰ ਵਿਚ ਵੀ ਬੰਨ੍ਹਿਆ ਅਤੇ ਆਜ਼ਾਦ ਰਿਆਸਤਾਂ ਨੂੰ ਗੁਲਾਮ ਬਣਾਉਣ ਲਈ ਉਨ੍ਹਾਂ ਵਿਚਲੇ ਧਾਰਮਕ, ਨਸਲੀ, ਕੌਮੀ ਵਖਰੇਵਿਆਂ ਤੇ ਵਿਰੋਧੀ ਨੂੰ ਵੀ ਹਵਾ ਦਿੱਤੀ। ਵਿਗਿਆਨ, ਤਕਨਾਲੋਜੀ ਤੇ ਨਵੀਂ ਸਿੱਖਿਆ ਦੇ ਪਾਸਾਰ ਦੁਆਰਾ ਸਨਾਤਨੀ ਜੜ੍ਹਤਾਵਾਦੀ ਮੁੱਲਾਂ ਨੂੰ ਚੁਣੌਤੀ ਦੇਣ ਵਾਲੀ ਬਸਤੀਵਾਦੀ ਸਰਕਾਰ ਆਪਣੇ ਸੌੜੇ ਸਿਆਸੀ ਹਿਤਾਂ ਕਾਰਨ ਭਾਰਤ ਵਿਚ ਸੰਪਰਦਾਇਕ ਤਣਾਅ ਵਧਾਉਣ ਦਾ ਕਾਰਨ ਵੀ ਬਣੀ। ਭਾਰਤੀ ਸਮਾਜ ਦੇ ਤਾਣੇ-ਬਾਣੇ (social fabric) ਵਿਚਲੇ ਨਸਲੀ, ਕੌਮੀ, ਧਾਰਮਕ, ਭਾਸ਼ਾਈ, ਖੇਤਰੀ, ਸਭਿਆਚਾਰਕ ਅਤੇ ਜਾਤੀ ਜਮਾਤੀ ਵਖਰੇਵਿਆਂ, ਸਭਿਆਚਾਰਕ ਵਿਭਿੰਨਤਾਵਾਂ, ਵਿਰੋਧਾਂ ਅਤੇ ਸਾਂਝੀ ਗੰਗਾ-ਜਮਨੀ ਤਹਿਜ਼ੀਬ ਨੂੰ ਸਮਝੇ ਬਿਨਾਂ ਭਾਰਤ ਦੇ ਕੌਮੀ ਸੁਤੰਤਰਤਾ ਸੰਗਰਾਮ ਦੀ ਇਤਿਹਾਸਕਾਰੀ ਨਾਲ ਜੁੜੇ ਮਸਲਿਆਂ ਨੂੰ ਸਮਝਿਆ ਨਹੀਂ ਜਾ ਸਕਦਾ। ਇੱਥੇ ਇਸ ਗੱਲੋਂ ਵੀ ਸੁਚੇਤ ਰਹਿਣ ਦੀ ਜ਼ਰੂਰਤ ਹੈ, ਕਿ ਪੱਛਮੀ ਮੁਲਕਾਂ ਵਿਚ ਪੂੰਜੀਵਾਦੀ ਅਰਥਵਿਵਸਥਾ ਦੇ ਉਭਾਰ ਤੋਂ ਬਾਅਦ ਉੱਥੋਂ ਦੀ ਉਦਾਰ ਤੇ ਪ੍ਰਗਤੀਸ਼ੀਲ ਬੁਰਜਵਾਜ਼ੀ ਨੇ ਰਾਸ਼ਟਰ-ਰਾਜਾਂ (Nation states) ਦਾ ਜਿਹੜਾ ਸੰਕਲਪ ਦਿੱਤਾ, ਉਹ ਵੀ ਬਸਤੀਵਾਦ ਦੀਆਂ ਪਾਸਾਰਵਾਦੀ ਅਤੇ ਪ੍ਰਭੁਤਵਵਾਦੀ ਨੀਤੀਆਂ ਖਿਲਾਫ਼ ਭੁਗਤਿਆ। ਨਤੀਜੇ ਵਜੋਂ ਪੱਛਮ ਦੇ ਉਦਾਰਵਾਦੀ ਬੁਰਜਵਾ ਚਿੰਤਕਾਂ ਤੇ ਇਤਿਹਾਸਕਾਰਾਂ ਨੇ ਗੁਲਾਮ ਬਸਤੀਆਂ ਦੇ ਕੌਮੀ ਮੁਕਤੀ ਅੰਦੋਲਨਾਂ ਨੂੰ ਹਮਦਰਦੀ ਤੇ ਵਧੇਰੇ ਨਿਰਪੱਖਤਾ ਨਾਲ ਕਲਮਬੰਦ ਕੀਤਾ। ਪ੍ਰਮਾਣ ਵਜੋਂ 1857 ਈ. ਦੇ ਗ਼ਦਰ ਬਾਰੇ ਬਰਤਾਨਵੀ ਪਾਰਲੀਮੈਂਟ ਵਿਚ ਵਿਰੋਧੀ ਧਿਰ ਦੇ ਨੇਤਾ ਡਿਜ਼ਰਾਇਲੀ ਦਾ 17 ਜੁਲਾਈ, 1857 ਈ. ਦਾ ਬਿਆਨ [1],ਲੰਡਨ ਟਾਈਮਜ਼ ਦੇ ਪੱਤਰਕਾਰ ਸਰ ਡਬਲਿਊ ਰੱਸਲ [2] ਅਤੇ ਜਸਟਿਨ ਮੈਕਾਰਥੀ[3] ਆਦਿ ਦੇ ਵਿਚਾਰ ਦੇਖੇ ਜਾ ਸਕਦੇ ਹਨ, ਜੋ 1857 ਦੇ ਗ਼ਦਰ ਨੂੰ ਸੈਨਿਕ ਵਿਦਰੋਹ ਕਹਿਣ ਦੀ ਥਾਂ ਅੰਗਰੇਜ਼ ਵਿਰੁੱਧ ਰਾਸ਼ਟਰੀ ਵਿਦਰੋਹ ਦਾ ਨਾਮ ਦਿੰਦੇ ਹਨ।

ਆਜ਼ਾਦ ਭਾਰਤ ਵਿਚ ਕੌਮੀ ਮੁਕਤੀ ਲਹਿਰ ਦੇ ਇਤਿਹਾਸ ਨੂੰ ਲਿਖਣ ਸਮੇਂ ਕੁਝ ਇਤਿਹਾਸਕਾਰਾਂ ਨੇ ਸੱਤਾਮੁੱਖੀ ਦ੍ਰਿਸ਼ਟੀ ਤੋਂ ਇਤਿਹਾਸ ਲਿਖੇ ਹਨ, ਇਹ ਇਤਿਹਾਸ ਬਸਤੀਵਾਦੀ ਵਿਚਾਰਧਾਰਕ ਨਜ਼ਰੀਏ ਦਾ ਹੀ ਦੁਹਰਾਉ ਹਨ। ਸੱਤਾਮੁਖੀ ਦ੍ਰਿਸ਼ਟੀ ਵਾਲੇ ਇਤਿਹਾਸਕਾਰਾਂ ਨੇ ਭਾਰਤ ਦੇ ਵੱਖ-ਵੱਖ ਖਿੱਤਿਆਂ 'ਚ ਵੱਖ-ਵੱਖ ਕੌਮਾਂ, ਧਾਰਮਕ ਨਸਲੀ ਸਮੂਹਾਂ ਤੇ ਕਬੀਲਿਆਂ ਦੇ ਬਸਤੀਵਾਦ ਵਿਰੋਧੀ ਸੰਘਰਸ਼ਾਂ ਨੂੰ ਜਾਂ ਤਾਂ ਕਾਂਗਰਸ ਦੀ ਗਾਂਧੀ ਨਹਿਰੂ ਅਗਵਾਈ

Sri Satguru Jagjit Singh Ji Elibrary NamdhariElibrary@gmail.com

ਵਾਲੇ ਸੰਘਰਸ਼ ਦੇ ਪੇਟੇ ਪਾ ਦਿੱਤਾ ਜਾਂ ਇਨ੍ਹਾਂ ਦਾ ਨਿਗੂਣਾ ਜਿਹਾ ਜ਼ਿਕਰ ਤੱਕ ਵੀ ਨਹੀਂ ਕੀਤਾ। ਭਾਰਤ ਦੇ ਕੌਮੀ ਸੁਤੰਤਰਤਾ ਸੰਗਰਾਮ ਬਾਰੇ ਲਿਖੇ ਗਏ ਮੁੱਖ-ਧਾਰਾ ਦੇ ਇਤਿਹਾਸਾਂ ਵਿਚ 'ਕੋਲਾਂ' (1820-1837 ਈ.), 'ਸੰਥਾਲਾਂ' (1855-56), 'ਸਾਂਦਲ ਤੇ ਨੀਲੀ ਬਾਰ ਦੇ ਜਾਂਗਲੀਆਂ' (1857), 'ਰੰਪਿਆਂ' (1895-1901) ਅਤੇ 'ਮੁੰਡਾ' ਆਦਿ ਕਬੀਲਿਆਂ ਦੇ ਜਨ ਅੰਦੋਲਨਾਂ ਦਾ ਜ਼ਿਕਰ ਨਾਂ-ਮਾਤਰ ਹੀ ਹੈ। ਸਾਡੇ ਇਤਿਹਾਸਕਾਰਾਂ ਦੀ ਸੰਪ੍ਰਦਾਇ-ਉਨਮੁਖ ਦ੍ਰਿਸ਼ਟੀ ਵੀ ਪ੍ਰਮਾਣਕ ਇਤਿਹਾਸ ਲੇਖਣ ਦੇ ਰਾਹ ਵਿਚ ਰੁਕਾਵਟ ਬਣਦੀ ਹੈ। ਪੰਡਿਤ ਜਵਾਹਰ ਲਾਲ ਨਹਿਰੂ, ਆਰ.ਸੀ. ਮਜੂਮਦਾਰ ਅਤੇ ਸਰ ਸੱਯਦ ਅਹਿਮਦ ਖਾਂ ਦੇ ਸੁਤੰਤਰਤਾ ਸੰਗਰਾਮ ਬਾਰੇ ਵਿਚਾਰਾਂ ਵਿਚੋਂ ਇਸ ਦੀ ਝਲਕ ਦੇਖੀ ਜਾ ਸਕਦੀ ਹੈ। ਲੋਕ-ਮੁਖੀ ਦ੍ਰਿਸ਼ਟੀ ਤੋਂ ਲਿਖੇ ਗਏ ਇਤਿਹਾਸਾਂ ਵਿਚ ਭਾਰਤ ਦੇ ਸੁਤੰਤਰਤਾ ਸੰਗਰਾਮ ਦੀਆਂ ਨਜ਼ਰਅੰਦਾਜ਼ ਕੀਤੀਆਂ ਧਿਰਾਂ, ਕੌਮਾਂ, ਕਬੀਲਿਆਂ ਜਾਂ ਧਾਰਮਕ ਸਮੂਹਾਂ ਦੇ ਯੋਗਦਾਨ ਦਾ ਭਰਵਾਂ ਉਲੇਖ ਮਿਲਦਾ ਹੈ। ਜੇ ਸੁਤੰਤਰਤਾ ਸੰਗਰਾਮ ਦੇ ਸੱਤਾ-ਮੁਖੀ ਇਤਿਹਾਸਾਂ ਦੇ ਨਾਇਕ ਨਹਿਰੂ-ਗਾਂਧੀ-ਪਟੇਲ ਆਦਿ ਹਨ, ਤਾਂ ਲੋਕ-ਮੁਖੀ ਇਤਿਹਾਸਾਂ ਦੇ ਨਾਇਕ ਭਾਈ ਮਹਾਰਾਜ ਸਿੰਘ, ਸਤਿਗੁਰੂ ਰਾਮ ਸਿੰਘ, ਅਹਿਮਦ ਖਾਨ ਖਰਲ, ਕੰਵਰ ਸਿੰਘ (ਅਵਧ), ਝਲਕਾਰੀ ਬਾਈ (ਝਾਂਸੀ), ਵੀਰ ਪਾਂਡੀਯ ਕਟਾਬੋਮਨ (ਤਾਮਿਲਨਾਡੂ), ਕਾਨੂੰ ਸੰਥਾਲ ਅਤੇ ਵਿਰਸਾ ਮੁੰਡਾ ਆਦਿ ਹਨ। ਬੁਨਿਆਦੀ ਮਸਲਾ ਇਤਿਹਾਸਕਾਰੀ ਪਿੱਛੇ ਕੰਮ ਕਰਦੀ ਵਿਚਾਰਧਾਰਕ ਸਿਆਸਤ ਨੂੰ ਸਮਝਣ ਦਾ ਹੈ। ਲੋਕ-ਇਤਿਹਾਸਕਾਰੀ ਨੂੰ ਇਸ ਲਈ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਕਿ ਜੇ ਲੋਕ ਆਪਣੇ ਜੁਝਾਰੂ ਤੇ ਨਿਆਂਸ਼ੀਲ ਵਿਰਸੇ ਨੂੰ ਜਾਣਨਗੇ, ਜਾਂ ਆਪਣੀ ਸੰਘਰਸ਼ਸ਼ੀਲ ਪਰੰਪਰਾ ਤੇ ਨਾਇਕਾਂ ਨੂੰ ਆਪਣੀ ਸਿਮਰਤੀ ਵਿਚ ਸਾਂਭਣਗੇ, ਤਾਂ ਉਹ ਅਜੋਕੇ ਹਾਕਮਾਂ ਤੋਂ ਸਮਾਜਕ ਨਿਆਂ ਤੇ ਮਾਨਵੀ ਅਧਿਕਾਰਾਂ ਦੀ ਤਵੱਕੋਂ ਕਰਨਗੇ। ਸਾਡੀ ਜਾਚੇ 1857 ਈ. ਦਾ ਬਾਰ ਦੇ ਜਾਂਗਲੀਆਂ ਦਾ ਅੰਦੋਲਨ, ਨਾਮਧਾਰੀ ਲਹਿਰ, ਬਾਰ ਦਾ ਕਿਸਾਨ ਸੰਘਰਸ਼ ਅਤੇ ਗ਼ਦਰ ਪਾਰਟੀ ਦਾ ਲਹੂ- ਵੀਟਵਾਂ ਸੰਘਰਸ਼ ਮੁੱਖ-ਧਾਰਾ ਦੇ ਇਤਿਹਾਸਾਂ ਵਿਚ ਹਾਸ਼ੀਏ ਉੱਤੇ ਰਹੇ ਹਨ।

1857 ਈ. ਦੇ ਗ਼ਦਰ ਵਿਚ ਪੰਜਾਬ ਤੇ ਖਾਸ ਕਰਕੇ ਸਿੱਖਾਂ ਦੀ ਭੂਮਿਕਾ ਬਾਰੇ ਬਹੁਤੇ ਇਤਿਹਾਸਕਾਰਾਂ ਦਾ ਮਤ ਹੈ ਕਿ ਉਨ੍ਹਾਂ ਨੇ ਗ਼ਦਰ ਨੂੰ ਕੁਚਲਣ ਲਈ ਬਸਤੀਵਾਦੀ ਹਕੂਮਤ ਦਾ ਸਾਥ ਦਿੱਤਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪਟਿਆਲਾ, ਨਾਭਾ, ਕਪੂਰਥਲਾ, ਨੀਂਦ ਤੇ ਫ਼ਰੀਦਕੋਟ ਆਦਿ ਰਿਆਸਤਾਂ ਦੇ ਮੁਖੀਆਂ ਨੇ ਆਪਣੇ ਰਾਜ ਸੁਰੱਖਿਅਤ ਰੱਖਣ ਲਈ ਬਰਤਾਨਵੀ ਹਾਕਮਾਂ ਨੂੰ ਧਨ ਤੇ ਸੈਨਿਕ ਬਲ ਮੁਹੱਈਆ ਕਰਵਾਏ। ਸੰਪ੍ਰਦਾਇਕ ਦ੍ਰਿਸ਼ਟੀ ਵਾਲੇ ਇਤਿਹਾਸਕਾਰਾਂ ਦਾ ਮੱਤ ਹੈ ਕਿ 1849 ਈ. ਵਿਚ ਅੰਗਰੇਜ਼ਾਂ ਨੇ ਕਾਲਿਆਂ ਅਰਥਾਤ ਭਾਰਤੀ ਫ਼ੌਜੀਆਂ ਦੀ ਮਦਦ ਨਾਲ ਰਣਜੀਤ ਸਿੰਘ ਦੇ ਉਸਾਰੇ ਸਿੱਖ ਰਾਜ ਉੱਪਰ ਕਬਜ਼ਾ ਕਰ ਲਿਆ ਸੀ, ਇਸ ਲਈ 1857 ਈ. ਦੇ ਗ਼ਦਰ ਨੂੰ ਦਬਾਉਣ ਲਈ ਸਿੱਖਾਂ ਨੇ ਅੰਗਰੇਜ਼ ਹਾਕਮਾਂ ਦਾ ਸਾਥ ਦਿੱਤਾ। ਸਿਤਮ ਇਹ ਹੈ ਕਿ ਆਰ.ਸੀ. ਮਜੂਮਦਾਰ, ਪੰਡਿਤ ਜਵਾਹਰ ਲਾਲ ਨਹਿਰੂ ਅਤੇ ਪ੍ਰੋ. ਹਮਾਯੂੰ ਕਬੀਰ ਵਰਗੇ ਉਦਾਰਵਾਦੀ ਲੇਖਕ-ਚਿੰਤਕ ਵੀ 1857 ਈ. ਦੇ ਗ਼ਦਰ ਵਿਚ ਸਿੱਖ ਅਵਾਮ ਤੇ ਸਿੱਖ ਸੈਨਿਕਾਂ ਦੀ ਭੂਮਿਕਾ ਬਾਰੇ ਟਪਲਾ ਖਾ ਗਏ। ਪ੍ਰੋ. ਹਮਾਯੂੰ ਕਬੀਰ ਲਿਖਦੇ ਹਨ ਕਿ "ਅਵਧ ਦੇ ਖਿੱਤੇ ਨੂੰ ਛੱਡ ਕੇ ਭਾਰਤ ਦੇ ਬਾਕੀ ਹਿੱਸਿਆਂ ਵਿਚ ਬਰਤਾਨਵੀ ਸਾਮਰਾਜ ਵਿਰੁੱਧ ਉੱਠੇ ਬਹੁਤੇ ਅੰਦੋਲਨ ਮੂਲ ਰੂਪ ਵਿਚ ਰਜਵਾੜਿਆਂ ਜਾਂ ਸਥਾਨਕ ਰਿਆਸਤਾਂ ਦੇ ਮਹਾਰਾਜਿਆਂ ਦੇ ਆਪਣੀ-ਆਪਣੀ ਸਮਾਜਕ, ਰਾਜਸੀ ਤੇ ਸੈਨਿਕ ਸਥਿਤੀ ਨੂੰ ਬਹਾਲ ਰੱਖਣ ਦੇ ਯਤਨ ਸਨ, ਪਰ ਪੰਜਾਬ ਦਾ ਕੂਕਾ ਅੰਦੋਲਨ ਅਜਿਹੀ ਜਨਤਕ ਲਹਿਰ ਸੀ, ਜਿਸ ਨੂੰ ਜਨ-ਸਾਧਾਰਨ ਨੇ ਭਰਵਾਂ ਹੁੰਗਾਰਾ ਦਿੱਤਾ।' ਪੰਡਿਤ ਨਹਿਰੂ ਅਤੇ ਮਜੂਮਦਾਰ 1857 ਈ. ਦੇ ਗ਼ਦਰ ਨੂੰ ਸੈਨਿਕ-ਵਿਦਰੋਹ ਦੀ ਥਾਂ ਰਾਸ਼ਟਰੀ ਵਿਦਰੋਹ ਮੰਨਦੇ ਹਨ, ਜਿਸ ਵਿਚ ਸੈਨਿਕਾਂ ਤੋਂ ਇਲਾਵਾ ਸਥਾਨਕ ਰਾਜਿਆਂ, ਮਹਾਰਾਜਿਆਂ ਤੇ ਸਾਮੰਤਾਂ ਦੀ ਭੂਮਿਕਾ ਅਹਿਮ ਸੀ। ਦੋਵਾਂ ਅਨੁਸਾਰ ਗੋਰਖਿਆਂ ਤੇ ਸਿੱਖਾਂ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ। ਪ੍ਰਮਾਣ ਵਜੋਂ ਉਨ੍ਹਾਂ ਦੇ ਕਥਨ ਦੇਖੇ ਜਾ ਸਕਦੇ ਹਨ:

1857 ਈ. ਦਾ ਗ਼ਦਰ ਫ਼ੌਜੀ ਬਗ਼ਾਵਤ ਤੋਂ ਕਿਤੇ ਵੱਡੀ ਘਟਨਾ ਸੀ। ਉਸ ਨੇ ਬੜੀ ਤੇਜ਼ੀ ਨਾਲ ਵਿਦਰੋਹ ਦਾ ਰੂਪ ਲੈ ਲਿਆ ਜੋ ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ 'ਚ ਵਟ ਗਿਆ। ਆਮ ਜਨਤਾ ਦੇ ਲੋਕਪ੍ਰਿਯ ਵਿਦਰੋਹ ਦੇ ਰੂਪ ਵਿਚ ਇਹ ਲੜਾਈ ਦਿੱਲੀ, ਸੰਯੁਕਤ ਪ੍ਰਾਂਤ (ਉੱਤਰ ਪ੍ਰਦੇਸ਼), ਬਿਹਾਰ (ਅਵਧ) ਤੇ ਮੱਧ ਭਾਰਤ ਦੇ ਕੁਝ ਹਿੱਸਿਆਂ ਤੱਕ ਹੀ ਸੀਮਤ ਸੀ। ਖ਼ਾਸ ਤੌਰ 'ਤੇ ਇਹ ਸਾਮੰਤਵਾਦੀ ਵਿਦਰੋਹ ਸੀ, ਜਿਸ ਦੀ ਅਗਵਾਈ ਸਾਮੰਤਾਂ, ਰਜਵਾੜਿਆਂ ਤੇ ਉਨ੍ਹਾਂ ਦੇ ਸਾਥੀਆਂ ਕੋਲ ਸੀ ਅਤੇ ਉਨ੍ਹਾਂ ਨੂੰ ਬਸਤੀਵਾਦ

Sri Satguru Jagjit Singh Ji Elibrary NamdhariElibrary@gmail.com

ਵਿਰੋਧੀ ਭਾਵਨਾਵਾਂ ਤੋਂ ਬਲ ਮਿਲਿਆ। ... ਅੰਗਰੇਜ਼ਾਂ ਨੂੰ ਗੋਰਖਿਆਂ ਤੋਂ ਮਦਦ ਮਿਲੀ, ਪਰ ਇਸ ਤੋਂ ਜ਼ਿਆਦਾ ਤਆਜੁਬ ਇਸ ਗੱਲ ਦਾ ਹੈ ਕਿ ਸਿੱਖਾਂ ਨੇ ਵੀ ਉਨ੍ਹਾਂ ਦੀ ਮਦਦ ਕੀਤੀ। ਸਿੱਖ, ਜੋ ਉਨ੍ਹਾਂ ਦੇ ਦੁਸ਼ਮਣ ਰਹੇ ਸਨ ਤੇ ਅੰਗਰੇਜ਼ਾਂ ਨੇ ਕੁਝ ਸਮਾਂ ਪਹਿਲਾਂ ਹੀ ਉਨ੍ਹਾਂ ਨੂੰ ਹਰਾਇਆ ਸੀ, ਜ਼ਾਹਰ ਹੈ ਕਿ ਉਸ ਸਮੇਂ ਹਿੰਦੁਸਤਾਨੀ ਆਵਾਮ ਨੂੰ ਇਕ ਸੂਤਰ ਵਿਚ ਬੰਨ੍ਹਣ ਵਾਲੀ ਕੌਮੀ ਭਾਵਨਾ ਦੀ ਕਮੀ ਸੀ।[5]

1857 ਵਿਚ ਗੋਰਖਿਆਂ ਨਾਲ ਸਿੱਖਾਂ ਨੇ ਵੀ ਅੰਗਰੇਜ਼ਾਂ ਦੀ ਨਿਸ਼ਠਾ ਪੂਰਵਕ ਸੇਵਾ ਕੀਤੀ ਅਤੇ ਸਿਪਾਹੀਆਂ (ਗ਼ਦਰ ਕਰਨ ਵਾਲੇ ਸੈਨਿਕ) ਨੂੰ ਹਰਾਉਣ ਵਿਚ ਪ੍ਰਮੁੱਖ ਸਹਾਇਕ ਉਹੀ ਸਨ।... ਸਿੱਖਾਂ ਨੇ ਬਾਦਸ਼ਾਹ ਵਜੋਂ ਬਹਾਦਰ ਸ਼ਾਹ ਜ਼ਫ਼ਰ ਦੇ ਐਲਾਨ ਤੋਂ ਆਪਣੇ ਆਪ ਨੂੰ ਵੱਖ ਰੱਖਿਆ, ਕਿਉਂਕਿ ਇਸ ਦੀ ਸੁਭਾਵਕ ਵਿਆਖਿਆ ਮੁਸਲਿਮ ਰਾਜ ਦੀ ਪੁਨਰ-ਸਥਾਪਨਾ ਦੇ ਰੂਪ ਵਿਚ ਕੀਤੀ ਗਈ ਸੀ। ਮੁਸਲਿਮ ਸ਼ਾਸਨ ਵਿਚ ਸਿੱਖ ਪਹਿਲਾਂ ਹੀ ਬਹੁਤ ਕਸ਼ਟ ਭੋਗ ਚੁੱਕੇ ਸਨ। ਇਸ ਗੱਲ ਦੇ ਲਿਖਤੀ ਪ੍ਰਮਾਣ ਮੌਜੂਦ ਹਨ ਕਿ ਪੰਜਾਬ ਵਿਚ ਅੰਗਰੇਜ਼ ਉੱਚ ਅਧਿਕਾਰੀਆਂ ਨੇ ਸਪੱਸ਼ਟ ਭਾਸ਼ਾ ਵਿਚ ਸਿੱਖਾਂ ਨੂੰ ਮੁਸਲਿਮ ਰਾਜ ਤੋਂ ਮਿਲੇ ਜ਼ਖ਼ਮਾਂ ਤੇ ਅਪਮਾਨਾਂ ਦੀ ਯਾਦ ਦੁਆਈ ਸੀ।... ਇਸ ਵਿਚ ਜ਼ਰਾ ਵੀ ਸੰਦੇਹ ਨਹੀਂ ਕਿ ਇਸ ਵਿਚਾਰ ਨੇ ਸਿੱਖਾਂ ਨੂੰ ਬਹੁਤ ਪ੍ਰਭਾਵਿਤ ਕੀਤਾ, ਤੇ ਉਹ ਜੀਅ-ਜਾਨ ਨਾਲ ਅੰਗਰੇਜ਼ ਹਾਕਮਾਂ ਨੂੰ ਆਪਣੀਆਂ ਸੇਵਾਵਾਂ ਦੇਣ ਲਈ ਰਾਜ਼ੀ ਹੋ ਗਏ।[6]

ਅਜਿਹੇ ਟਪਲੇ ਹੋਰ ਇਤਿਹਾਸਕਾਰਾਂ ਨੇ ਵੀ ਖਾਧੇ ਹਨ। ਦਰਅਸਲ ਪੰਜਾਬ ਵਿਚ ਬਰਤਾਨਵੀ ਬਸਤੀਵਾਦੀ ਸਰਕਾਰ ਦਾ ਵਿਰੋਧ 1849 ਈ. ਵਿਚ ਉਨ੍ਹਾਂ ਦੇ ਪੰਜਾਬ ਉੱਪਰ ਕਬਜ਼ੇ ਨਾਲ ਹੀ ਸ਼ੁਰੂ ਹੋ ਜਾਂਦਾ ਹੈ। ਭਾਈ ਮਹਾਰਾਜ ਸਿੰਘ, ਦੀਵਾਨ ਮੂਲ ਰਾਜ, ਅੰਗਰੇਜ਼ਾਂ ਦੁਆਰਾ ਬਰਤਰਫ਼ ਕੀਤੇ ਸਿੱਖ ਸੈਨਿਕ, ਬਾਬਾ ਬਿਕਰਮ ਸਿੰਘ ਬੇਦੀ, ਰਾਮ ਸਿੰਘ ਪਠਾਣੀਆਂ (ਨੂਰਪੁਰ), ਅਤੇ ਚਤਰ ਸਿੰਘ (ਅਟਾਰੀ ਵਾਲਾ) ਵਰਗੇ ਕਈ ਸਿੱਖ ਸਰਦਾਰ ਅੰਗਰੇਜ਼ਾਂ ਦਾ ਵਿਰੋਧ ਕਰ ਰਹੇ ਸਨ। ਪੰਜਾਬ ਵਿਚ 1857 ਈ. ਦੇ ਸੈਨਿਕ-ਵਿਦਰੋਹ ਸਮੇਂ ਸਾਂਦਲ ਬਾਰ ਤੇ ਨੀਲੀ ਬਾਰ ਦੇ ਜਾਂਗਲੀ ਕਬੀਲੇ ਅਹਿਮਦ ਖਾਨ ਖਰਲ ਤੇ ਮੁਰਾਦ ਫਤਿਆਣਾ ਆਦਿ ਦੀ ਅਗਵਾਈ ਵਿਚ ਅੰਗਰੇਜ਼ ਹਾਕਮਾਂ ਨਾਲ ਆਰ-ਪਾਰ ਦੀ ਹਥਿਆਰਬੰਦ ਲੜਾਈ ਲੜ ਰਹੇ ਸਨ। ਮੇਰਠ ਵਿਚ ਸੈਨਿਕ ਵਿਦਰੋਹ ਆਰੰਭ ਹੋਣ ਤੋਂ 28 ਦਿਨ ਪਹਿਲਾਂ ਬਾਬਾ ਰਾਮ ਸਿੰਘ ਨੇ 12 ਅਪ੍ਰੈਲ, 1857 ਈ. ਨੂੰ ਜਿਸ 'ਸੰਤ ਖਾਲਸਾ ਦੀ ਸਥਾਪਨਾ ਕੀਤੀ, ਉਹ ਵੀ ਸਮਾਂ ਪਾ ਕੇ ਬਸਤੀਵਾਦੀ ਵਿਰੋਧ ਦੀ ਵਧੇਰੇ ਸੰਗਠਿਤ ਤੇ ਵਿਸ਼ਾਲ ਜਨ-ਆਧਾਰ ਵਾਲੀ ਲਹਿਰ ਦਾ ਰੂਪ ਧਾਰ ਗਿਆ। ਪੰਜਾਬ ਦੇ ਬਸਤੀਵਾਦ ਵਿਰੋਧੀ ਇਹ ਦੋਵੇਂ ਅੰਦੋਲਨ ਸਿਵਲੀਅਨ ਬਗ਼ਾਵਤਾਂ ਸਨ, ਜਿਨ੍ਹਾਂ ਵੱਲ ਸਾਡੇ ਮੁੱਖ ਧਾਰਾ ਦੇ ਇਤਿਹਾਸਕਾਰਾਂ ਦਾ ਧਿਆਨ ਨਹੀਂ ਗਿਆ, ਜਾਂ ਇਤਿਹਾਸ-ਲੇਖਣ ਪ੍ਰਤੀ ਸੱਤਾਮੁਖੀ ਦ੍ਰਿਸ਼ਟੀ ਕਰਕੇ ਉਨ੍ਹਾਂ ਨੇ ਇਨ੍ਹਾਂ ਕੌਮੀ ਭਾਵਨਾ ਵਾਲੇ ਜਨ-ਅੰਦੋਲਨਾਂ ਨੂੰ ਜਾਣ-ਬੁੱਝ ਕੇ ਅਣਡਿੱਠ ਕੀਤਾ। ਡਾ. ਸ਼ਮਸੁਲ ਇਸਲਾਮ ਦੀ ਪੁਸਤਕ '1857 ਦੇ ਬਾਗੀ ਸਿੱਖ' (2011) ਲੋਕ-ਪੱਖੀ ਇਤਿਹਾਸਕਾਰੀ ਦਾ ਪੁਖਤਾ ਨਮੂਨਾ ਹੈ, ਜੋ ਸਤਵੰਜਾ ਦੇ ਕੌਮੀ ਵਿਦਰੋਹ ਵਿਚ ਆਮ ਲੋਕਾਂ ਤੇ ਸਿੱਖਾਂ ਦੇ ਯੋਗਦਾਨ ਨੂੰ ਸਪੱਸ਼ਟ ਕਰਦੀ ਹੈ।

ਧਾਰਮਕ ਦਿੱਖ ਵਾਲੀ ਨਾਮਧਾਰੀ ਲਹਿਰ ਦੇ ਸਰੋਕਾਰ ਸਮਾਜਕ, ਆਰਥਕ, ਸਭਿਆਚਾਰਕ, ਨੈਤਿਕ ਅਤੇ ਰਾਜਸੀ ਸਨ। ਸਿੱਖ ਭਾਈਚਾਰੇ ਵਿਚ ਆਏ ਨੈਤਿਕ ਪਤਨ ਅਤੇ ਧਾਰਮਕ ਕੁਰੀਤੀਆਂ ਨੂੰ ਰੋਕਣ ਲਈ ਸਤਿਗੁਰੂ ਰਾਮ ਸਿੰਘ ਨੇ ਜਿਸ 'ਸੰਤ ਖਾਲਸਾ' ਨਾਮ ਦੀ ਧਾਰਮਕ ਜਥੇਬੰਦੀ ਦੀ ਬੁਨਿਆਦ ਰੱਖੀ, ਉਸ ਦਾ ਆਧਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਚਿਤਵਿਆ 'ਖਾਲਸਾ' ਅਤੇ 'ਪੰਥ ਖਾਲਸਾ' ਸੀ। ਅਹਿੰਸਾ ਦੇ ਸਿਧਾਂਤਕ ਤੇ ਰਾਜਸੀ ਸੂਤਰ ਉੱਪਰ ਟਿਕੇ ਹੋਣ ਕਰਕੇ ਬਦਲੇ ਹੋਏ ਹਾਲਾਤ ਵਿਚ ਸਤਿਗੁਰੂ ਰਾਮ ਸਿੰਘ ਨੇ ਆਪਣੇ ਸੰਗਠਨ ਨੂੰ ਸੁਚੇਤ ਤੌਰ 'ਤੇ 'ਸੰਤ ਖਾਲਸਾ' ਦਾ ਨਾਮ ਦਿੱਤਾ। ਡਾ. ਗੰਡਾ ਸਿੰਘ ਅਨੁਸਾਰ ਬਾਬਾ ਰਾਮ ਸਿੰਘ ਦੇ 'ਸੰਤ ਖਾਲਸਾ' ਦਾ ਉਦੇਸ਼ ਪਤਨਸ਼ੀਲ ਸਿੱਖ ਸਮਾਜ ਤੇ ਸਿੱਖ ਧਰਮ ਦੀ ਪੁਨਰ-ਸੁਰਜੀਤੀ ਸੀ। ਉਨ੍ਹਾਂ ਦਾ ਆਦਰਸ਼ ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੀ ਵਿਚਾਰਧਾਰਾ ਸੀ।[7] ਨਾਮਧਾਰੀ ਲਹਿਰ ਦੇ ਵਿਚਾਰਧਾਰਕ ਆਧਾਰ ਤੇ ਉਦੇਸ਼ ਬਾਰੇ ਡਾ. ਜੁਗਿੰਦਰ ਸਿੰਘ ਲਿਖਦੇ ਹਨ, "ਨਾਮਧਾਰੀ ਗੁਰੂ ਰਾਮ ਸਿੰਘ ਦਾ ਸੰਕਲਪ ਕੇਵਲ ਵਿਦੇਸ਼ੀ ਹਕੂਮਤ ਦਾ ਖਾਤਮਾ ਨਹੀਂ ਸੀ, ਉਹ ਖਾਲਸਾ ਰਾਜ ਦੀ ਉਹ ਰੂਪ-ਰੇਖਾ ਉਸਾਰਨਾ ਚਾਹੁੰਦੇ ਸਨ, ਜਿਸ ਦੀ ਵਿਆਖਿਆ ਪ੍ਰੇਮ ਸੁਮਾਰਗ ਵਿਚ ਕੀਤੀ ਹੋਈ ਸੀ।... ਇਸ ਰਚਨਾ ਵਿਚ ਖਾਲਸਾ ਪੰਥ ਦੇ ਧਾਰਮਕ ਅਤੇ ਸਮਾਜਕ ਵਿਹਾਰ ਅਤੇ ਸਿੱਖ ਸ਼ਾਸਨ ਨੀਤੀ ਦੀ ਵਿਆਖਿਆ ਕੀਤੀ ਗਈ ਹੈ। ਨਾਮਧਾਰੀ ਗੁਰੂ ਦੇ ਬੇਵਕਤ ਦੇਸ਼ ਨਿਕਾਲੇ (1872) ਕਰਕੇ ਉਨ੍ਹਾਂ ਦਾ ਖਾਲਸਾ ਰਾਜ ਦੀ ਮੁੜ ਸਥਾਪਤੀ ਦਾ ਸੰਕਲਪ ਅਧੂਰਾ ਰਹਿ ਗਿਆ।[8] ਧਰਮ ਅਤੇ ਸਮਾਜ ਸੁਧਾਰ ਨੂੰ ਸਮਰਪਿਤ ਇਸ

Sri Satguru Jagjit Singh Ji Elibrary NamdhariElibrary@gmail.com

ਲਹਿਰ ਨੇ ਨਿਰਸੰਦੇਹ, ਸਭਿਆਚਾਰਕ ਪੁਨਰ-ਜਾਗਰਣ ਦੀ ਭੂਮਿਕਾ ਨਿਭਾਈ। ਧਰਮ ਤੇ ਸਮਾਜ ਸੁਧਾਰ ਨੂੰ ਪ੍ਰਣਾਈ ਕੂਕਾ ਲਹਿਰ 1863 ਈ. ਤੋਂ ਬਾਅਦ ਬਸਤੀਵਾਦ ਵਿਰੋਧੀ ਕੌਮੀ ਮੁਕਤੀ ਲਹਿਰ ਦਾ ਰੂਪ ਧਾਰ ਲੈਂਦੀ ਹੈ। ਸਮਾਜਕ ਸੁਧਾਰਾਂ ਕਰਕੇ ਕੂਕਾ ਲਹਿਰ ਦੇ ਵਧਦੇ ਪ੍ਰਭਾਵ ਤੇ ਹਿੰਦੂ-ਸਿੱਖ ਪੁਜਾਰੀਆਂ ਦੇ ਵਿਰੋਧ ਕਾਰਨ ਸਤਿਗੁਰੂ ਰਾਮ ਸਿੰਘ ਜੀ ਨੂੰ ਭੈਣੀ ਸਾਹਿਬ ਵਿਖੇ ਜੂਹ-ਬੰਦ ਕਰ ਦਿੱਤਾ ਜਾਂਦਾ ਹੈ ਤੇ ਉਨ੍ਹਾਂ ਦੇ ਦੌਰਿਆਂ ਉੱਤੇ ਪਾਬੰਦੀ ਆਇਦ ਕਰ ਦਿੱਤੀ ਜਾਂਦੀ ਹੈ। ਬਸਤੀਵਾਦੀ ਹਕੂਮਤ ਦੇ ਦਮਨ ਨੂੰ ਚੁਣੌਤੀ ਦੇਣ ਲਈ ਉਨ੍ਹਾਂ ਨੇ ਅਸਹਿਯੋਗ ਅਤੇ ਸਮਾਨਾਂਤਰ ਕੂਕਾ ਪ੍ਰਬੰਧ ਦੇ ਰਾਜਸੀ ਗੁਰਮੰਤਰ ਨੂੰ ਅਪਣਾ ਲਿਆ। ਉਨ੍ਹਾਂ ਨੇ ਆਪਣੇ ਪੈਰੋਕਾਰਾਂ ਨੂੰ ਅੰਗਰੇਜ਼ੀ ਮਾਲ, ਸਰਕਾਰੀ ਨੌਕਰੀਆਂ ਅਤੇ ਰੇਲਵੇ ਆਦਿ ਦਾ ਬਾਈਕਾਟ ਕਰਨ ਦੀ ਹਦਾਇਤ ਕੀਤੀ। ਕੂਕਿਆਂ ਨੇ ਬਸਤੀਵਾਦੀ ਸ਼ਾਸਨ ਦੇ ਸਮਾਨਾਂਤਰ ਆਪਣਾ ਵਿੱਦਿਅਕ ਤੇ ਡਾਕ ਪ੍ਰਬੰਧ ਸਥਾਪਿਤ ਕੀਤਾ। ਅੰਗਰੇਜ਼ਾਂ ਦੀ ਨਿਆਂ-ਪ੍ਰਣਾਲੀ ਦੀ ਥਾਂ ਪੰਚਾਇਤੀ ਨਿਆਂ ਉੱਪਰ ਟੇਕ ਰੱਖਣ ਦੀ ਹਦਾਇਤ ਕੀਤੀ। ਵਿਦੇਸ਼ੀ ਮਾਲ ਦਾ ਬਾਈਕਾਟ ਤੇ ਸਵਦੇਸ਼ੀ ਦਾ ਨਾਅਰਾ ਸਤਿਗੁਰੂ ਰਾਮ ਸਿੰਘ ਦੀ ਦੂਰ-ਅੰਦੇਸ਼ੀ ਦਾ ਸਿੱਟਾ ਸੀ, ਜਿਸ ਦੁਆਰਾ ਉਨ੍ਹਾਂ ਬਸਤੀਵਾਦੀ ਪ੍ਰਬੰਧ ਦੇ ਆਰਥਕ ਆਧਾਰ ਉੱਤੇ ਸੱਟ ਮਾਰੀ। ਸਮਾਨੰਤਰ ਕੂਕਾ-ਪ੍ਰਬੰਧ ਨੂੰ ਆਰ.ਜੀ. ਟਾਇਲਰ[9] ਤੇ ਜੇ.ਡਬਲਿਉ. ਮੈਕਨਾਬ[10] ਵਰਗੇ ਅੰਗਰੇਜ਼ ਅਧਿਕਾਰੀਆਂ ਨੇ ਕੂਕਿਆਂ ਦੀਆਂ ਬਾਗੀ ਰਾਜਨੀਤਕ ਕਾਰਵਾਈਆਂ ਵਜੋਂ ਵੇਖਿਆ ਅਤੇ ਸਤਿਗੁਰੂ ਰਾਮ ਸਿੰਘ ਨੂੰ ਪੰਜਾਬ ਤੋਂ ਦੂਰ ਅੰਡੇਮਾਨ ਆਦਿ ਟਾਪੂਆਂ ਵਿਚ ਦੇਸ਼-ਬਦਰ ਕਰਨ ਦੀ ਸਿਫ਼ਾਰਸ਼ ਕੀਤੀ। ਐਨਸਾਈਕਲੋਪੀਡੀਆ ਬ੍ਰਿਟੈਨਿਕਾ ਵਿਚ ਕੂਕਿਆਂ ਦੇ ਸਵਦੇਸ਼ੀ ਤੇ ਵਿਦੇਸ਼ੀ ਮਾਲ ਤੇ ਨੌਕਰੀਆਂ ਦੇ ਬਾਈਕਾਟ ਨੂੰ ਉਨ੍ਹਾਂ ਦੀ ਰਾਜਸੀ ਰਣਨੀਤੀ ਵਜੋ ਹੀ ਦੇਖਿਆ ਗਿਆ ਹੈ, ਜਿਸ ਅਨੁਸਾਰ 'ਸਿੱਖ ਫ਼ਿਲਾਸਫ਼ਰ ਤੇ ਸੁਧਾਰਕ ਰਾਮ ਸਿੰਘ ਪਹਿਲਾ ਭਾਰਤੀ ਹੈ, ਜਿਸ ਨੇ ਬਰਤਾਨਵੀ ਵਪਾਰਕ ਮਾਲ ਤੇ ਨੌਕਰੀਆਂ ਦੇ ਬਾਈਕਾਟ ਅਤੇ ਨਾਮਿਲਵਰਤਣ ਨੂੰ ਰਾਜਨੀਤਕ ਹਥਿਆਰ ਵਜੋਂ ਵਰਤਿਆ।'[11]

ਅੰਗਰੇਜ਼ ਅਧਿਕਾਰੀ ਆਰ.ਜੀ. ਟਾਇਲਰ ਨੇ 1866 ਈ. ਵਿਚ ਹੀ ਕੂਕਾ ਅੰਦੋਲਨ ਦੇ ਰਾਜਸੀ ਬਗ਼ਾਵਤ ਦਾ ਰੂਪ ਧਾਰ ਜਾਣ ਦੀ ਚਿਤਾਵਨੀ ਦਿੱਤੀ ਸੀ, ਕਿਉਂਕਿ ਨਾਮਧਾਰੀਆਂ ਨੇ ਬਸਤੀਵਾਦੀ ਗੁਲਾਮੀ ਦਾ ਜੂਲਾ ਗਲੋ ਲਾਹੁਣ ਲਈ ਗਵਾਲੀਅਰ, ਲਖਨਊ, ਕਸ਼ਮੀਰ, ਬਨਾਰਸ, ਹੈਦਰਾਬਾਦ ਤੇ ਨੇਪਾਲ ਆਦਿ ਰਿਆਸਤਾਂ ਨਾਲ ਸੰਪਰਕ ਬਣਾ ਲਏ ਸਨ। ਨਾਮਧਾਰੀ ਸਿੰਘਾਂ ਨੂੰ ਸੈਨਿਕ ਸਿਖਲਾਈ ਦੁਆਉਣ ਲਈ ਕਸ਼ਮੀਰ ਦੇ ਮਹਾਰਾਜਾ ਰਣਬੀਰ ਸਿੰਘ ਦੀ ਸਹਿਮਤੀ ਨਾਲ ਕਸ਼ਮੀਰ ਕੂਕਾ ਰਜਮੈਂਟ ਦੀ ਥਾਪਣਾ ਕਰਵਾ ਲਈ ਸੀ, ਜੋ 1870 ਈ. 'ਚ ਅੰਗਰੇਜ਼ ਅਧਿਕਾਰੀ ਦੇ ਦਬਾਉ ਕਰਕੇ ਤੋੜ ਦਿੱਤੀ ਗਈ ਸੀ। 1868 ਈ. ਵਿਚ ਕਿਸ਼ਨ ਸਿੰਘ ਗ੍ਰੰਥਗੜ ਨੇ ਹੌਲਦਾਰ ਨੰਦ ਰਾਮ ਦੀ ਮਦਦ ਨਾਲ ਨੇਪਾਲ ਨਰੇਸ਼ ਰਾਣਾ ਜੰਗ ਬਹਾਦਰ ਨਾਲ ਸਬੰਧ ਬਣਾ ਲਏ ਸਨ। ਇਨ੍ਹਾਂ ਘਟਨਾਵਾਂ ਦੇ ਆਧਾਰ ਤੇ ਕਰਨਲ ਮੈਕ, ਐਂਡਰਿਊ ਨੇ ਬਰਤਾਨਵੀ ਉੱਚ ਅਧਿਕਾਰੀਆਂ ਨੂੰ ਚਿਤਾਵਨੀ-ਨੁਮਾ ਟਿੱਪਣੀ ਰਾਹੀਂ ਸੁਚੇਤ ਕੀਤਾ ਸੀ ਕਿ ਸਤਿਗੁਰੂ ਰਾਮ ਸਿੰਘ, ਗੁਰੂ ਜਾਂ ਧਾਰਮਿਕ ਰਹਿਨੁਮਾ ਦੇ ਘੇਰੇ ਤੋਂ ਬਾਹਰ ਜਾ ਕੇ ਰਾਜਸੀ ਗਤੀਵਿਧੀਆਂ ਕਰ ਰਿਹਾ ਹੈ।[12] ਬਰਤਾਨਵੀ ਬਸਤੀਵਾਦੀ ਸਰਕਾਰ ਖਿਲਾਫ਼ ਬਗ਼ਾਵਤ ਸਮੇਂ ਸਹਾਇਤਾ ਲੈਣ ਲਈ ਕੂਕਾ ਲਹਿਰ ਦੇ ਸੰਚਾਲਕਾਂ ਨੇ ਕਾਬਲ ਅਤੇ ਰੂਸ ਦੀਆਂ ਸਰਕਾਰਾਂ ਨਾਲ ਕੂਟਨੀਤਕ ਸੰਬੰਧ ਬਣਾ ਲਏ ਸਨ। ਸ਼ਾਂਤਮਈ ਕੂਕਾ ਲਹਿਰ 1869 ਦੇ ਆਸ-ਪਾਸ ਹਿੰਸਕ ਰੁਖ ਅਖਤਿਆਰ ਕਰਨ ਲੱਗੀ। ਅੰਗਰੇਜ਼ ਹਾਕਮਾਂ ਦੁਆਰਾ ਕੂਕਿਆਂ ਉੱਪਰ ਲਾਈਆਂ ਪਾਬੰਦੀਆਂ ਤੇ ਸਰਕਾਰੀ ਦਮਨ ਚੱਕਰ ਦੇ ਵਿਰੋਧ ਵਿਚ ਕੂਕੇ ਜ਼ਮੀਨ-ਜਾਇਦਾਦ ਤੇ ਘਰ-ਘਾਟ ਵੇਚ ਕੇ ਭੈਣੀ ਸਾਹਿਬ ਦਾ ਰੁਖ ਕਰਦੇ ਹਨ। ਭੈਣੀ ਸਾਹਿਬ ਨੂੰ ਜਾਂਦੇ ਸਮੇਂ ਪਿੰਡ ਥਰਾਜਵਾਲਾ ਦੇ ਕੇ ਸਿੰਘਾਂ ਦੀ ਅੰਗਰੇਜ਼ ਪੁਲੀਸ ਨਾਲ ਹਿੰਸਕ ਝੜਪ ਹੁੰਦੀ ਹੈ। ਇਸੇ ਸਮੇਂ ਕੂਕਾ ਦੀਵਾਨਾਂ ਵਿਚ ਇਹ ਲੋਕ-ਗੀਤ ਗੂੰਜਣ ਲੱਗਾ, "ਚੱਕ ਲੈ ਫ਼ਰੰਗੀਆ ਛਾਉਣੀ ਖਾਲਸੇ ਨੇ ਰਾਜ ਕਰਨਾ।" ਭਾਰਤ ਦੀਆਂ ਵੱਖ-ਵੱਖ ਰਿਆਸਤਾਂ ਨਾਲ ਸੰਪਰਕ ਕਰਕੇ ਹਰਕਿਸ਼ਨ ਸਿੰਘ ਸੁਰਜੀਤ ਨਾਮਧਾਰੀ ਲਹਿਰ ਨੂੰ ਸਰਬ ਭਾਰਤੀ[13] ਖਾਸੇ ਵਾਲੀ ਰਾਜਸੀ ਲਹਿਰ ਕਹਿੰਦਾ ਹੈ ਅਤੇ ਪੀ.ਸੀ. ਰਾਇ[14] ਕਾਬਲ ਤੇ ਰੂਸ ਨਾਲ ਕੂਟਨੀਤਕ ਸਬੰਧਾਂ ਕਰਕੇ ਨਾਮਧਾਰੀ ਲਹਿਰ ਨੂੰ ਕੌਮਾਂਤਰੀ ਪ੍ਰਭਾਵ ਵਾਲੀ ਮੰਨਦਾ ਹੈ। ਨਾਮਵਰ ਇਤਿਹਾਸਕਾਰ ਸਯਦ ਮੁਹੰਮਦ ਲਤੀਫ਼ ਅਨੁਸਾਰ "ਰਾਮ ਸਿੰਘ ਤੇ ਉਸ ਦੇ ਪੈਰੋਕਾਰਾਂ ਦੇ ਧਾਰਮਕ ਵਿਅਕਤੀ ਹੋਣ ਉੱਪਰ ਸੰਦੇਹ ਕੀਤਾ ਜਾਂਦਾ ਹੈ। ਦਰਅਸਲ ਇਕ ਧਰਮ-ਸੁਧਾਰਕ, ਨੈਤਿਕ ਉਪਦੇਸ਼ਕ ਤੇ ਰੂਹਾਨੀ ਰਹਿਨੁਮਾ ਦੇ ਪਰਦੇ ਉਹਲੇ ਉਸ ਦੇ ਗਹਿਰੇ ਰਾਜਸੀ ਮੰਤਵ ਸਨ।... ਪਰ ਉਸ ਦੀ ਸੰਪ੍ਰਦਾਇ ਦੇ ਖਤਰਨਾਕ ਮਨਸੂਬਿਆਂ ਦਾ ਪ੍ਰਮਾਣ ਅੰਮ੍ਰਿਤਸਰ, ਰਾਇਕੋਟ

Sri Satguru Jagjit Singh Ji Elibrary NamdhariElibrary@gmail.com

ਤੇ ਮਲੇਰਕੋਟਲੇ ਦੇ ਬੁੱਚੜਾਂ ਦੇ ਕਤਲਾਂ ਨਾਲ ਸਾਹਮਣੇ ਆਇਆ। ਉਸ ਦੇ ਪੈਰੋਕਾਰਾਂ ਨੇ ਹਿੰਸਕ ਵਤੀਰਾ ਧਾਰਨ ਕਰ ਲਿਆ। ਅੰਤ ਵਿਚ ਰਾਮ ਸਿੰਘ ਨੂੰ ਬਰਤਾਨਵੀ ਅਧਿਕਾਰੀਆਂ ਵੱਲੋਂ ਗ੍ਰਿਫ਼ਤਾਰ ਕਰਕੇ ਪਹਿਲਾਂ ਅਲਾਹਾਬਾਦ ਤੇ ਬਾਅਦ ਵਿਚ ਬਰਮਾ ਵਿਚ ਬੰਦੀ ਬਣਾ ਕੇ ਭੇਜ ਦਿੱਤਾ ਗਿਆ।[15]

ਨਾਮਧਾਰੀ ਲਹਿਰ ਦੀ ਗਤਿ-ਮਿਤ ਤੇ ਉਸ ਦੇ ਇਤਿਹਾਸ ਨੂੰ ਪ੍ਰਾਪਤ ਲਿਖਤੀ ਸਰੋਤ-ਪੁਸਤਕਾਂ, ਪੈਂਫ਼ਲਿਟਾਂ, ਸਰਕਾਰੀ ਤੇ ਗ਼ੈਰ-ਸਰਕਾਰੀ ਦਸਤਾਵੇਜ਼ਾਂ, ਖੁਫ਼ੀਆ ਰਿਪੋਰਟਾਂ, ਸਤਿਗੁਰੂ ਰਾਮ ਸਿੰਘ ਦੇ ਹੁਕਮਨਾਮਿਆਂ, ਨਾਮਧਾਰੀ ਗੁਰੂ ਸਾਹਿਬਾਨ ਦੇ ਵਚਨਾਂ, ਉਪਦੇਸ਼ਾਂ, ਨਾਮਧਾਰੀ ਲਿਖਾਰੀਆਂ ਦੇ ਰੋਜ਼ਨਾਮਚਿਆਂ, ਡਾਇਰੀਆਂ, ਸਾਹਿਤਕ ਰਚਨਾਵਾਂ ਅਤੇ ਹੋਰ ਬਹੁਤ ਸਾਰੀ ਲਿਖਤੀ ਸਮੱਗਰੀ ਦੇ ਆਧਾਰ ਉੱਤੇ ਸਮਝਣ ਦੇ ਗੰਭੀਰ ਯਤਨ ਹੋਏ ਹਨ। ਨਾਮਧਾਰੀ ਤੇ ਗ਼ੈਰ-ਨਾਮਧਾਰੀ ਵਿਦਵਾਨਾਂ, ਖੋਜੀਆਂ ਤੇ ਇਤਿਹਾਸਕਾਰਾਂ ਵੱਲੋਂ ਨਾਮਧਾਰੀ ਲਹਿਰ ਬਾਰੇ ਚੋਖੀ ਤੇ ਗੰਭੀਰ ਛਾਣ-ਬੀਣ ਹੋਈ ਹੈ। ਮੌਲਿਕ ਸਰੋਤਾਂ ਦੇ ਹਵਾਲੇ ਨਾਲ ਵੀ ਨਾਮਧਾਰੀ ਲਹਿਰ ਦੇ ਸਾਰ (essence) ਅਤੇ ਕੌਮੀ ਯੋਗਦਾਨ ਨੂੰ ਰੇਖਾਂਕਿਤ ਕਰਨ ਦੇ ਯਤਨ ਹੋਏ ਹਨ। ਨਾਮਧਾਰੀ ਲਹਿਰ ਦਾ ਮੁੱਲਾਂਕਣ ਸ਼ਰਧਾ-ਮੂਲਕ, ਸੰਪ੍ਰਦਾਈ, ਬਸਤੀਵਾਦੀ, ਰਾਸ਼ਟਰਵਾਦੀ ਅਤੇ ਨਿਰਪੱਖ ਵਸਤੂਮੁਲਕ ਨਜ਼ਰੀਏ ਤੋਂ ਵੀ ਹੋਇਆ ਹੈ। ਅਜੋਕੇ ਵਿਸ਼ਵ-ਚਿੰਤਨ ਵਿਚ ਇਤਿਹਾਕਾਰੀ ਲਈ ਮੌਖਿਕ ਸਰੋਤਾਂ, ਲੋਕ-ਬਿਰਤਾਂਤਾਂ ਅਤੇ ਸਾਹਿਤਕ ਲਿਖਤਾਂ ਦੇ ਮਹੱਤਵ ਨੂੰ ਪਛਾਣਿਆ ਗਿਆ ਹੈ। ਇਸ ਖੋਜ-ਪੱਤਰ ਵਿਚ ਅਸੀਂ ਬਾਬਾ ਚੰਦਾ ਸਿੰਘ ਝੱਬਰ ਤੇ ਸੰਤ ਨਿਹਾਲ ਸਿੰਘ ਦੇ ਬਾਰਾਂ-ਮਾਹਾਂ ਨੂੰ ਨਾਮਧਾਰੀ ਲਹਿਰ ਦੇ ਇਤਿਹਾਸ ਦੀ ਸਰੋਤ ਸਮੱਗਰੀ ਵਜੋਂ ਦੇਖਣ ਦਾ ਯਤਨ ਕਰਾਂਗੇ।

ਉੱਨੀਵੀਂ ਸਦੀ ਦੇ ਪਿਛਲੇ ਅੱਧ ਵਿਚ ਲਿਖੇ ਗਏ ਬਾਬਾ ਚੰਦਾ ਸਿੰਘ ਝੱਬਰ ਅਤੇ ਸੰਤ ਨਿਹਾਲ ਸਿੰਘ ਦੇ ਬਾਰਾਂ-ਮਾਹੇ ਦਿੱਖ ਦੀ ਪੱਧਰ 'ਤੇ ਤਾਂ ਸਤਿਗੁਰੂ ਰਾਮ ਸਿੰਘ ਦੇ ਹਿਜਰ ਵਿਯੋਗ ਦੀਆਂ ਰਚਨਾਵਾਂ ਹਨ, ਪਰ ਗੁੱਝੇ ਸਾਰ ਦੀ ਪੱਧਰ 'ਤੇ ਇਹ ਬਾਰਾਂ-ਮਾਹੇ ਬਸਤੀਵਾਦੀ ਹਕੂਮਤ ਪ੍ਰਤੀ ਨਾਮਧਾਰੀ ਲਹਿਰ ਦੀ ਨਾਬਰੀ ਨੂੰ ਰੂਪਮਾਨ ਕਰਦੇ ਹਨ। ਇਨ੍ਹਾਂ ਰਚਨਾਵਾਂ ਵਿਚ ਨਾਮਧਾਰੀ ਲਹਿਰ ਦੇ ਜਨਮ, ਉਥਾਨ, ਨਾਮਧਾਰੀ ਜੀਵਨ-ਜਾਚ, ਨਾਮਧਾਰੀਆਂ ਵੱਲੋਂ ਸਨਾਤਨੀ ਰੀਤਾਂ ਤੇ ਧਾਰਮਕ ਕਰਮ-ਕਾਂਡ ਦੇ ਤਿਆਗ, ਹਿੰਦੂ ਸਿੱਖ ਪੁਜਾਰੀਆਂ ਵੱਲੋਂ ਨਾਮਧਾਰੀ ਲਹਿਰ ਦੇ ਵਿਰੋਧ, ਨਾਮਧਾਰੀ ਸੰਗਠਨ ਦੇ ਵਿਸਤਾਰ - 22 ਸੂਬਿਆਂ ਤੇ ਕੂਕਾ ਪ੍ਰਚਾਰਕਾਂ ਦੀ ਥਾਪਣਾ, ਕੂਕਿਆਂ ਵੱਲੋਂ ਗਊ-ਬੱਧ ਕਰਨ ਵਾਲੇ ਬੁੱਚੜਾਂ ਦੇ ਕਤਲ, ਨਾਮਧਾਰੀਆਂ ਦੀ ਸਰਬ ਧਰਮ ਸਤਿਕਾਰ ਦੀ ਭਾਵਨਾ ਤੇ ਸੁਲਾਕੁਲ ਨੀਤੀ, ਕੌਮੀ ਆਜ਼ਾਦੀ ਦੀ ਤਾਂਘ, ਕੂਕਾ-ਰੂਸ ਸੰਬੰਧਾਂ, ਬਸਤੀਵਾਦੀ ਹਕੂਮਤ ਦੇ ਦਮਨ-ਚੱਕਰ, ਕੂਕਿਆਂ ਦੀ ਨਿਰਭਉ ਜੀਵਨ-ਸ਼ੈਲੀ, ਅੰਗਰੇਜ਼ ਅਧਿਕਾਰੀਆਂ ਪ੍ਰਤੀ ਨਾਬਰੀ, ਮਲੇਰਕੋਟਲੇ ਦੇ ਸ਼ਹੀਦੀ ਸਾਕੇ ਅਤੇ ਸਤਿਗੁਰੂ ਰਾਮ ਸਿੰਘ ਦੇ ਦੇਸ਼-ਗਮਨ ਤੋਂ ਉਪਜੀ ਕੂਕਿਆਂ ਦੀ ਮਾਨਸਿਕ ਪੀੜਾ ਅਤੇ ਦਰਸ਼ਨਾਂ ਲਈ ਵਿਆਕੁਲਤਾ ਦਾ ਸਰਲ-ਸੁਬੋਧ ਲੋਕ-ਕਾਵਿਕ ਸ਼ੈਲੀ ਵਿਚ ਬਿਆਨ ਹੈ। ਬਾਬਾ ਚੰਦਾ ਸਿੰਘ ਦੇ ਬਾਰਾਂ-ਮਾਹੇ ਦੀ ਸੁਰ ਵਧੇਰੇ ਤਿੱਖੀ ਅਤੇ ਬਗ਼ਾਵਤੀ ਹੈ। ਇਸ ਨੂੰ ਸੁਣਦਿਆਂ ਦੀਵਾਨਾਂ ਵਿਚ ਕੂਕੇ ਮਸਤਾਨੇ ਹੋ ਜਾਂਦੇ ਸਨ। ਇਸ ਰਚਨਾ ਦੇ ਬਾਗੀਆਨਾ ਤੇਵਰ ਕਰਕੇ ਅੰਗਰੇਜ਼ ਅਧਿਕਾਰੀਆਂ ਨੇ ਇਸ ਦਾ ਗੰਭੀਰ ਨੋਟਿਸ ਲਿਆ ਸੀ। ਪੰਜਾਬ ਪੁਲੀਸ ਦੇ ਸਹਾਇਕ ਇੰਸਪੈਕਟਰ ਜਨਰਲ ਮੈਕਕਰੇਨ ਨੇ 8 ਮਈ, 1884 ਈ. ਨੂੰ ਇਸ ਰਚਨਾ ਦਾ ਅੰਗਰੇਜ਼ੀ ਅਨੁਵਾਦ ਉੱਚ ਅਧਿਕਾਰੀਆਂ ਨੂੰ ਭੇਜਦੇ ਹੋਏ ਚਿਤਾਵਨੀ ਦਿੱਤੀ ਕਿ ਇਹ ਰਚਨਾ ਕੂਕਿਆਂ ਨੂੰ ਸਰਕਾਰ ਪ੍ਰਤੀ ਬਗ਼ਾਵਤ ਲਈ ਉਕਸਾ ਸਕਦੀ ਹੈ।[16] ਸੀ.ਐਲ. ਟੱਪਰ, ਕਾਰਜਕਾਰੀ ਸਕੱਤਰ, ਪੰਜਾਬ ਨੇ 27 ਜੂਨ, 1884 ਈ. ਨੂੰ ਭਾਰਤ ਸਰਕਾਰ ਦੇ ਸਕੱਤਰ ਗ੍ਰਹਿ ਵਿਭਾਗ ਨੂੰ ਇਸ ਬਾਰਾਂ-ਮਾਹ ਦਾ ਅੰਗਰੇਜ਼ੀ ਤਰਜਮਾ ਇਸ ਟਿੱਪਣੀ ਸਮੇਤ ਭੇਜਿਆ, "ਇਸ ਕਵਿਤਾ ਵਿਚ ਅੰਗਰੇਜ਼ਾਂ ਦੇ ਮਨਾਂ ਉੱਪਰ ਕੂਕਿਆਂ ਤੋਂ ਉਪਜੇ ਡਰ ਦਾ ਬਿਆਨ ਹੈ। ਇਸ ਵਿਚ ਇਹ ਦਰਸਾਇਆ ਗਿਆ ਹੈ ਕਿ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਕੱਢਣ ਵਾਸਤੇ ਰੂਸ ਆ ਰਿਹਾ ਹੈ। ਇਸ ਰਚਨਾ ਵਿਚ ਸਤਿਗੁਰੂ ਰਾਮ ਸਿੰਘ ਦੇ ਪੰਜਾਬ ਮੁੜ ਆਉਣ ਦੀ ਭਵਿੱਖਬਾਣੀ ਕੀਤੀ ਗਈ ਹੈ।[17] ਦਰਅਸਲ ਇਸ ਬਾਰਾਂ-ਮਾਹ ਵਿਚ ਕੂਕਾ ਲਹਿਰ ਅਤੇ ਰੂਸ ਵਿਚਲੇ ਕੂਟਨੀਤਕ ਸਬੰਧਾਂ ਬਾਰੇ ਵਿਸਥਾਰ ਵਿਚ ਚਰਚਾ ਹੈ। ਰੂਸ ਸਰਕਾਰ ਨਾਲ ਕੂਟਨੀਤਕ ਸਬੰਧ ਕਾਇਮ ਕਰਨ ਅਤੇ ਕੂਕਿਆਂ ਤੇ ਮਹਾਰਾਜਾ ਦਲੀਪ ਸਿੰਘ ਵਿਚਕਾਰ ਗਠਜੋੜ ਕਰਕੇ ਬਸਤੀਵਾਦੀ ਹਕੂਮਤ ਦਾ ਤਖ਼ਤ ਪਲਟਣ ਲਈ ਯਤਨਸ਼ੀਲ ਸੂਬਾ ਬਿਸ਼ਨ ਸਿੰਘ (ਕਾਬਲਵਾਲਾ) ਨੂੰ ਇਸ ਰਚਨਾ ਵਿਚ 'ਗੁਰੂ ਕਾ ਲਾਲ' ਕਹਿ ਕੇ ਵਡਿਆਇਆ ਗਿਆ ਹੈ। ਉਸ ਨੂੰ ਸ਼ਹੀਦੀ ਫ਼ੌਜਾਂ ਦੀ ਤਾਬਿਆ 'ਚ ਵਿਚਰਨ ਵਾਲਾ ਕੂਕਾ ਨਾਇਕ ਕਿਹਾ ਗਿਆ ਹੈ। ਬਰਤਾਨਵੀ ਹਾਕਮਾਂ ਵੱਲੋਂ ਏਸ਼ੀਆ ਵਿਚ ਰੂਸ ਦੇ ਵਧਦੇ ਪ੍ਰਭਾਵ ਨੂੰ ਰੋਕਣ ਲਈ ਇਹ

Sri Satguru Jagjit Singh Ji Elibrary NamdhariElibrary@gmail.com

ਮਿੱਥ ਘੜੀ ਤੇ ਪ੍ਰਚਾਰੀ ਗਈ ਸੀ ਕਿ ਜਦੋਂ ਰੂਸ ਪੰਜਾਬ ਵਿਚ ਆਵੇਗਾ ਤਾਂ ਕੁਦਰਤ ਦੀ ਕਰੋਪੀ ਹੋਵੇਗੀ। ਨਾਮਧਾਰੀਆਂ ਵਿਚ ਵੀ ਇਸ ਪ੍ਰਚਾਰ ਦਾ ਪ੍ਰਭਾਵ ਸੀ:

ਜਦ ਰੂਸ ਪੰਜਾਬੇ ਆਵੈ,
ਪਵੇ ਕਾਲ ਮੁਲਖ ਰੁਲ ਜਾਵੈ,
ਦੁਨੀਆ ਮਰੇ ਅੰਨ ਕੇ ਹਾਵੈ,
ਠੱਗ, ਚੋਰ ਬਹੁ ਲੁੱਟ ਲੁੱਟ ਖਾਵੈ,
ਬਚੇ ਸੋ ਜੋ ਗੁਰ ਸ਼ਰਨੀ ਆਵੈ,
ਇੱਕ ਮਨ ਹੋਇ ਕੇ ਨਾਮ ਧਿਆਵੇ,
ਓਸ ਅਕਾਲ ਦਾ।[18]

ਪੀ.ਸੀ. ਰਾਇ ਅਨੁਸਾਰ ਕੂਕਿਆਂ ਦਾ ਵਿਸ਼ਵਾਸ ਸੀ ਕਿ ਅੰਗਰੇਜ਼ ਹਕੂਮਤ ਦਾ ਖਾਤਮਾ ਕਰਨ ਲਈ ਅਫ਼ਗਾਨਿਸਤਾਨ ਦੇ ਰਸਤੇ ਰੂਸ ਕਿਸੇ ਨਾ ਕਿਸੇ ਦਿਨ ਜ਼ਬਰਦਸਤ ਹਮਲਾ ਕਰੇਗਾ, ਕੂਕਾ ਨੇਤਾਵਾਂ ਨੇ ਫ਼ੈਸਲਾ ਕੀਤਾ ਕਿ ਮੱਧ ਏਸ਼ੀਆ ਦੇ ਰੂਸੀ ਦਰਬਾਰ ਵਿਚ ਦੂਤ ਘੱਲ ਕੇ ਰੂਸ ਦੇ ਹਾਕਮਾਂ ਨੂੰ ਭਰੋਸਾ ਦੁਆਇਆ ਜਾਵੇ ਕਿ ਉਨ੍ਹਾਂ ਵੱਲੋਂ ਭਾਰਤ ਵਿਚ ਅੰਗਰੇਜ਼ੀ ਰਾਜ ਉੱਤੇ ਹਮਲਾ ਕਰਦਿਆਂ ਹੀ ਸਾਰੇ ਭਾਰਤ ਵਾਸੀ ਇਸ ਅੰਗਰੇਜ਼ ਵਿਰੋਧੀ ਲੜਾਈ ਵਿਚ ਰੂਸ ਦਾ ਪੂਰਾ ਸਾਥ ਦੇਣਗੇ।[19] ਕੂਕਿਆਂ ਦਾ ਇਹ ਵੀ ਵਿਸ਼ਵਾਸ ਸੀ ਕਿ ਅੰਗਰੇਜ਼ੀ ਰਾਜ ਦੇ ਖਾਤਮੇ ਮਗਰੋਂ ਸਤਿਗੁਰੂ ਰਾਮ ਸਿੰਘ ਪੰਜਾਬ ਆ ਕੇ ਨਵੇਂ ਖਾਲਸਾ ਰਾਜ ਦੀ ਸਥਾਪਨਾ ਕਰਨਗੇ।

ਸਤਿਗੁਰ ਫੇਰ ਪੰਜਾਬੇ ਆਵਣ
ਅਗਲੀਆਂ ਸਫ਼ਾਂ ਸਭ ਉਠਾਵਣ
ਨਵੇਂ ਹੋਰ ਨਿਸ਼ਾਨ ਝੁਲਾਵਣ
ਜੱਗ ਵਿਚ ਸ੍ਰੀ ਅਕਾਲ ਜਪਾਵਣ
ਅਸੁਰ ਸੰਘਾਰ ਕੇ।[20]

ਚੰਦਾ ਸਿੰਘ ਝੱਬਰ ਦੇ ਬਾਰਾਂ-ਮਾਹ ਅਨੁਸਾਰ ਸਤਿਗੁਰੂ ਰਾਮ ਸਿੰਘ ਖੁਦ ਸੂਬਾ ਬਿਸ਼ਨ ਸਿੰਘ ਨੂੰ ਰੂਸ ਦਰਬਾਰ ਵਿਚ ਭੇਜਦੇ ਹਨ। ਉਸ ਦੀ ਰਾਖੀ ਸਿੱਖ ਸ਼ਹੀਦ ਕਰਦੇ ਹਨ। ਸਤਿਗੁਰੂ ਰੂਸ ਨੂੰ ਪੰਜਾਬ ਉੱਪਰ ਹਮਲਾ ਕਰਨ ਦਾ ਹੁਕਮ ਦਿੰਦੇ ਹਨ। ਰੂਸ ਦੀ ਸਰਕਾਰ ਇਸ ਇਲਾਹੀ ਹੁਕਮ 'ਤੇ ਫੁੱਲ ਚੜ੍ਹਾਉਂਦੀ ਹੈ:

ਜਦੋਂ ਰੂਸ ਕਚਹਿਰੀ ਆਇਆ,
ਪਾਸ ਸੱਦ ਵਜੀਰ ਬਹਾਇਆ,
ਰਾਤੀਂ ਨਜ਼ਰ ਖਾਲਸਾ ਆਇਆ,
ਉਸ ਨੇ ਭਵਜਲ ਬੁਰਾ ਦਿਖਾਇਆ,
ਮੁੱਖ ਥੀਂ ਕਰੜਾ ਬਚਨ ਸੁਣਾਇਆ,
ਚੜੋ ਲਾਹੌਰ 'ਤੇ।
ਵਜੀਰ ਨੇ ਸੁਣੀ ਹਕੀਕਤ ਸਾਰੀ,
ਆਪਣੇ ਚਿਤ ਵਿਚ ਇਹ ਧਾਰੀ,
ਪੈਂਡੇ ਦੂਰ ਤੇ ਮੁਸ਼ਕਿਲ ਭਾਰੀ,
ਕੀਤੀ ਫ਼ੌਜਾਂ ਦੀ ਤਿਆਰੀ,
ਵੱਜੇ ਧਾਉਸੇ ਸੂਤਰੀ ਕਾਲੀ,
ਚੜੇ ਪੰਜਾਬ 'ਤੇ।

ਫੌਜਾਂ ਚੜ ਰੂਸ ਦੀਆਂ ਧਾਈਆਂ
ਫਿਰ ਗਈਆਂ ਨੰਦਨ ਵਿਚ ਦੁਹਾਈਆਂ
ਓਧਰੋਂ ਗੋਰੇ ਕਰਦੇ ਧਾਈਆਂ
ਦਿਨੋ ਦਿਨ ਹੋਸਨ ਬਹੁਤ ਲੜਾਈਆਂ
ਮਰਸਨ ਬੇਟੇ ਜਾਏ ਮਾਈਆਂ।
ਬਹਿ ਬਹਿ ਰੋਵਨ ਧੀਆਂ ਪੁਰਾਈਆਂ
ਪੱਲੂ ਪਾਇ ਕੇ।[21]

ਬਾਬਾ ਚੰਦਾ ਸਿੰਘ ਝੱਬਰ ਤੇ ਸੰਤ ਨਿਹਾਲ ਸਿੰਘ ਦੇ ਬਾਰਾਂਮਾਹਿਆਂ ਵਿਚੋਂ ਪ੍ਰਾਪਤ ਵਿਵੇਕ ਅਨੁਸਾਰ ਨਾਮਧਾਰੀ ਲਹਿਰ ਆਪਣੇ ਉਚੇਰੇ ਇਖਲਾਕੀ ਗੁਣਾਂ ਤੇ ਆਤਮਿਕ ਅਮੀਰੀ ਕਰਕੇ ਹਿੰਦੁਸਤਾਨ ਦੇ ਵਡੇਰੇ ਖਿੱਤੇ ਵਿਚ ਮਕਬੂਲ ਹੋ ਗਈ ਸੀ। ਉਚੇਰੇ ਮਾਨਵੀ ਆਦਰਸ਼ਾਂ ਨੂੰ ਪ੍ਰਣਾਏ ਕੂਕੇ ਨਾਮ-ਬਾਣੀ ਦੇ ਰਸੀਏ ਹੀ ਨਹੀਂ ਸਨ, ਸਗੋਂ ਉਹ ਸਾਂਝੇ ਕੌਮੀ ਸੁਤੰਤਰਤਾ ਸੰਗਰਾਮ ਦੇ ਨਿਰਭਉ ਜੋਧੇ ਸਨ। ਸਨਾਤਨੀ ਕਰਮ-ਕਾਂਡਾਂ ਤੇ ਸਿੱਖ ਸਾਮੰਤੀ ਮਨੋ-ਵਿਕਾਰਾਂ ਤੋਂ ਮੁਕਤ ਕੂਕੇ ਹਾਰੀ ਹੋਈ ਮਨੋ-ਦਸ਼ਾ ਵਾਲੀ ਭਾਰਤੀ ਜਨਤਾ ਲਈ ਰੋਲ ਮਾਡਲ ਸਨ। ਇਸ ਲਈ ਕੂਕਾ ਲਹਿਰ ਭਾਰਤ ਵਿਚ ਬਹੁਤ ਜਲਦੀ ਹਰਮਨ-ਪਿਆਰੀ ਹੋ ਗਈ। ਭਗਤ ਤੇ ਸੂਰਮੇ ਦੇ ਸਾਂਝੇ ਲੱਛਣਾਂ ਵਾਲੇ ਕੂਕਾ ਸਿੰਘ ਗੁਰਮਤਿ ਦੀ ਸੰਤ-ਸਿਪਾਹੀ ਪਰੰਪਰਾ ਦਾ ਹੀ ਅਗਲੇਰਾ ਵਿਕਾਸ ਸੀ।

-ਸਿੰਘ ਹੋਏ ਸਭ ਤਿਆਰ,
ਮਾਲਵਾ, ਮਾਝਾ, ਦੜਪ ਤੇ ਬਾਰ,
ਅੱਗੇ ਜੋ ਭਾਵੇ ਕਰਤਾਰ,
ਮਾਈਆਂ ਬੀਬੀਆਂ ਹੋਰ ਹਜ਼ਾਰ
ਜਿਨ੍ਹਾਂ ਲਾਹ ਕੇ ਸੁੱਟੇ ਹਾਰ-ਸ਼ਿੰਗਾਰ
ਗੁਰਾਂ ਦੇ ਸਾਹਮਣੇ।[22]

ਹਾੜ ਹੋਰ ਗੱਲ ਚੰਗੀ, ਵਜੇ ਸਾਰੰਦਾ ਸਾਰੰਗੀ,
ਸ਼ਬਦ ਪੜ੍ਹਦੇ ਬੇਅੰਤ, ਅੰਤ ਰਹੇ ਨਾ ਸਵਾਦ ਦਾ।
ਅੰਮ੍ਰਿਤਸਰ ਤੇ ਲਾਹੌਰ, ਲੁਧਿਆਣਾ, ਕਲਾਨੌਰ

Sri Satguru Jagjit Singh Ji Elibrary NamdhariElibrary@gmail.com

ਸ਼ਹਿਰ ਜਿਹਲਮ, ਪਸ਼ੌਰ, ਸਾਰਾ ਇਲਾਕਾ ਹੈ ਪੰਜਾਬ ਦਾ।
ਸਿੱਖੀ ਕਾਬਲ, ਕੰਧਾਰ, ਨਾਲੇ ਬਲਖ ਤੇ ਬੁਖਾਰ ।
ਦਿੱਲੀ ਆਗਰਾ ਹਿਸਾਰ, ਹੋਰ ਅੰਤ ਨਾ ਹਿਸਾਬ ਦਾ।
ਸਿੰਘ ਆਖਦਾ ਨਿਹਾਲ, ਏਹੁ ਖਾਲਸੇ ਦੀ ਚਾਲ
ਜਪੋ ਕਾਲ ਤੇ ਅਕਾਲ, ਜਿਹੜਾ ਨਾਮ ਸੱਚੇ ਸਾਹਿਬ ਦਾ।[23]

ਕੱਤੇ ਅਕਾਲ ਕਾਲ ਕਰਦੇ, ਹੱਥੀਂ ਸਲੋਤਰ ਫੜਦੇ,
ਮਰਨੋ ਮਾਰਨੋ ਨਾ ਡਰਦੇ, ਖੌਫ਼ ਕਰਦੀ ਲੁਕਾਈ ਹੈ।
ਸਿੰਘ ਰੰਗਲੇ ਰੰਗੀਲੇ ਨਹੀਂ ਛਪਦੇ ਛਪਾਏ,
ਗੁਰੂ ਨਾਮ ਨੂੰ ਜਪਾਏ, ਕੈਸੀ ਰਚਨਾ ਰਚਾਈ ਹੈ।
ਢੱਠੇ ਦੇਵੀ ਦੇ ਦਵਾਰੇ, ਵੱਡੇ ਵੱਡੇ ਥਾਨ ਭਾਰੇ,
ਢਾਹੀਆਂ ਕਬਰਾਂ ਮਸੀਤਾਂ, ਦੰਦ ਖਾਲਸੇ ਮਚਾਈ ਹੈ।
ਨਿਹਾਲ ਸਿੰਘ ਜੋ ਫ਼ਰੰਗੀ, ਖੌਫ਼ ਖਾਏ ਲਾਟ ਜੰਗੀ
ਆਏ ਬਾਰਵੇਂ ਅਵਤਾਰ, ਫਿਰੇ ਅਕਾਲ ਦੀ ਦੁਹਾਈ
ਹੈ।[24]

1863 ਈ. ਤੋ ਬਾਅਦ ਨਾਮਧਾਰੀ ਲਹਿਰ ਦਾ ਜਨ-ਆਧਾਰ ਬੜੀ ਤੇਜ਼ੀ ਨਾਲ ਵਧਿਆ। ਸੂਬਿਆਂ ਦੀ ਸਥਾਪਨਾ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਨੇ ਕੂਕੇ ਪ੍ਰਚਾਰਕ ਵੀ ਥਾਪੇ ਅਤੇ ਖੁਦ ਵੀ ਪੰਜਾਬ ਦੇ ਸਾਰੇ ਇਲਾਕਿਆਂ ਦੇ ਦੌਰੇ ਕੀਤੇ। ਉਨ੍ਹਾਂ ਦੇ ਸਿਆਲਕੋਟ ਦੇ ਪ੍ਰਚਾਰ ਦੌਰੇ ਦੀ ਰਿਪੋਰਟ ਦਿੰਦਾ ਕੈਪਟਨ ਥੱਲੋਚ ਲਿਖਦਾ ਹੈ (27 ਅਕਤੂਬਰ, 1866 ਈ.) ਕਿ ਇਕੱਲੇ ਸਿਆਲਕੋਟ ਜ਼ਿਲ੍ਹੇ ਵਿਚ 80,000 ਮਾਲਾਵਾਂ ਵੰਡੀਆਂ ਗਈਆਂ। ਗੁਲਾਮ ਭੀਖ ਜਲੰਧਰੀ ਲਿਖਦਾ ਹੈ ਕਿ 'ਗਾਂਵ ਕੇ ਗਾਂਵ ਔਰ ਮੌਜੇ ਕੇ ਮੌਜੇ ਕੂਕਾ ਹੋ ਗਏ।[25] ਸੂਬਾ ਗੁਰਚਰਨ ਸਿੰਘ ਨੇ ਕੰਧਾਰ, ਗ਼ਜ਼ਨੀ, ਬੁਖਾਰਾ ਤੇ ਕਾਬਲ ਤੱਕ ਨਾਮਧਾਰੀ ਪੈਰੋਕਾਰ ਬਣਾਏ।[26] ਕੂਕਿਆਂ ਦੇ ਵਧਦੇ ਪ੍ਰਭਾਵ ਕਰਕੇ ਹਿੰਦੂ-ਸਿੱਖ ਪੁਜਾਰੀ ਅਤੇ ਬਰਤਾਨਵੀ ਉੱਚ ਅਧਿਕਾਰੀ ਉਨ੍ਹਾਂ ਦੇ ਵਿਰੋਧੀ ਹੋ ਗਏ ਅਤੇ ਭੈਅ ਖਾਣ ਲੱਗੇ। ਦੋਵੇਂ ਬਾਰਾਂ-ਮਾਹ ਦੇ ਲੇਖਕ ਇਨ੍ਹਾਂ ਤੱਥਾਂ ਦੀ ਪੁਸ਼ਟੀ ਕਰਦੇ ਲਿਖਦੇ ਹਨ:

ਚੰਦਾ ਸਿੰਘ ਗੁਰ ਤੋਂ ਬਲਿਹਾਰੀ
ਜਿਸ ਨੇ ਅਚਰਜ ਕਲਾ ਦਿਖਾਰੀ
ਨਿੰਦਿਆ ਕਰਦੇ ਸਭ ਪੁਜਾਰੀ
ਉਨ੍ਹਾਂ ਦੀ ਮੱਤ ਪੂਜਾ ਨੇ ਮਾਰੀ।[27]

ਪੋਹ ਪਾਪੀ ਤੇ ਪਰਾਧੀ, ਵੱਡੇ ਚੁਗਲ ਫਸਾਦੀ
ਜਾ ਕੇ ਆਖਦੇ ਤਸੀਲੇ, ਕਰੋ ਸਿੰਘਾਂ ਦਾ ਇਲਾਜ ਜੀ,
ਬਾਤ ਸੁਣੀ ਅੰਗਰੇਜ਼, ਬੈਠ ਕਰਦੇ ਵਿਚਾਰ,
ਐਸੀ ਹੋਵੇ ਨਾ ਕੋਈ ਕਾਰ, ਦੂਰ ਕਰਨ ਸਾਡਾ ਰਾਜ ਜੀ।
ਪਿੰਡ ਪਿੰਡ ਤਕੜਾਈ, ਬੈਠ ਗਏ ਨੇ ਸਿਪਾਹੀ
ਨਿਹਾਲ ਸਿੰਘ ਲਿਖਣ ਨਾਮ, ਲੈਣ ਹਾਜ਼ਰੀ ਹਿਸਾਬ ਜੀ।[28]

-ਗੋਰੇ ਬਹਿ ਬਹਿ ਕਰਨ ਸਲਾਹੀਂ
ਇਹ ਸਿੰਘ ਸਾਥੋਂ ਡਰਦੇ ਨਾਹੀਂ
ਇਨ੍ਹਾਂ ਨੂੰ ਖੌਫ਼ ਕਿਸੇ ਦਾ ਨਾਹੀਂ
ਬਾਝ ਅਕਾਲ ਦੇ।[29]

ਨਾਮਧਾਰੀ ਸਿੰਘਾਂ ਦੀ ਆਤਮਿਕ ਅਮੀਰੀ, ਲਹਿਰ ਦੇ ਵਿਸ਼ਾਲ ਜਨ-ਆਧਾਰ ਅਤੇ ਸਤਿਗੁਰੂ ਰਾਮ ਸਿੰਘ ਦੀ ਸੰਗਠਨ-ਯੋਗਤਾ ਤੋਂ ਭੈਭੀਤ ਬਸਤੀਵਾਦੀ ਹਾਕਮਾਂ ਨੇ ਉਨ੍ਹਾਂ ਨੂੰ ਜੂਹ-ਬੰਦ ਕਰ ਦਿੱਤਾ। ਸਤਿਗੁਰੂ ਰਾਮ ਸਿੰਘ ਨੇ 22 ਸੂਬਿਆਂ ਦੀ ਸਥਾਪਨਾ ਤੇ ਕੂਕਾ ਪ੍ਰਚਾਰਕ ਦੂਰ-ਦਰਾਜ਼ੇ ਤੱਕ ਭੇਜ ਕੇ ਨਾਮਧਾਰੀ ਸੰਗਠਨ ਨੂੰ ਹੋਰ ਮਜ਼ਬੂਤ ਕਰ ਦਿੱਤਾ। ਅੰਤ ਭੈਭੀਤ ਹੋਏ ਅੰਗਰੇਜ਼ ਹਾਕਮਾਂ ਨੇ ਬੁੱਚੜ-ਵੱਧ ਤੇ ਮਲੇਰਕੋਟਲੇ ਦੇ ਸਾਕੇ ਦੇ ਬਹਾਨੇ ਸਤਿਗੁਰੂ ਰਾਮ ਸਿੰਘ ਨੂੰ ਬੰਦੀ ਬਣਾ ਕੇ ਦੇਸ਼ ਬਦਰ ਕਰ ਦਿੱਤਾ। ਉਨ੍ਹਾਂ ਦੇ ਨਾਲ 10 ਸੂਬਿਆਂ ਨੂੰ ਹਿੰਦੁਸਤਾਨ ਦੇ ਵੱਖ-ਵੱਖ ਖਿੱਤਿਆਂ ਵਿਚ ਕੈਦਾਂ ਵਿਚ ਡੱਕ ਦਿੱਤਾ। ਚੰਦਾ ਸਿੰਘ ਦੇ ਬਾਰਾਂ-ਮਾਹ ਵਿਚ ਇਨ੍ਹਾਂ ਤੱਥਾਂ ਵੱਲ ਭਰਵੇਂ ਇਸ਼ਾਰੇ ਹਨ, ਜਿਵੇਂ:

ਸਤਿਗੁਰੁ ਸੱਚੋ ਸੱਚ ਦ੍ਰਿੜਾਏ ਮਾਸ,
ਸ਼ਰਾਬ ਤੇ ਨੀਲ ਹਟਾਏ॥
ਗੋਰਾ ਖੌਫ਼ ਸਿੰਘਾਂ ਤੋਂ ਖਾਏ,
ਨਹੀਂ ਇਹ ਖੈਰ ਗੁਜ਼ਾਰਦੇ।[30]
ਅੱਗੇ ਸਾਵਣ ਮਹੀਨੇ ਚੜ੍ਹਦੇ,
ਗੋਰੇ ਬਹਿ ਕੇ ਕੌਸਲ ਕਰਦੇ,
ਸਾਡੇ ਚਿਤ ਗੁਰਾਂ ਤੋਂ ਡਰਦੇ
ਇਹ ਸਿੰਘ ਹੋਰ ਸ਼ਰਾਬੇ ਕਰਦੇ,
ਸਤਿਗੁਰ ਬਹਿ ਜਾਵੇ ਵਿਚ ਘਰ ਦੇ
ਗੋਰਾ ਆਖਦਾ।[31]
-ਸੁਣ ਭਾਈ ਚੰਦਾ ਸਿੰਘ ਗੱਲ ਸਾਰ
ਸਤਿਗੁਰ ਆ ਬੈਠੇ ਘਰ ਬਾਰ
ਸੂਬੇ ਕੀਤੇ ਸਭ ਤਿਆਰ,...
ਦਿੱਤੇ ਸਭ ਦੇਸਾਂ 'ਤੇ ਚਾਹੜ,
ਜਾ ਕੋ ਆਏ ਕਾਜ ਸੁਆਰ
ਕਿਰਤ ਕਰਤਾਰ ਦੀ[32]

Sri Satguru Jagjit Singh Ji Elibrary NamdhariElibrary@gmail.com

-ਬੈਠੇ ਖੌਫ਼ ਖਾਂਵਦੇ ਗੋਰੇ
ਪੈ ਗਏ ਲੰਦਨ ਦੇ ਵਿਚ ਝੋਰੇ
ਸੂਬੇ ਫੜ ਦੇਸਾਂ ਮੇਂ ਤੋਰੇ
ਜਿਥੇ ਗੁਰੂ ਦੇ ਸੂਬੇ ਗਏ
ਉਥੇ ਭਜਨ ਸਭੋ ਕੋਈ ਲਏ
ਗੁਰ ਦਾ ਕਹਿਣਾ ਕਿਉਂ ਕਰ ਲਏ
ਸਭ ਦੇਸ ਉਧਾਰਨੇ।[33]

1857 ਦੇ ਗ਼ਦਰ ਵਿਚ ਹਿੰਦੁਸਤਾਨ ਦੇ ਸਭ ਧਰਮਾਂ ਦੇ ਲੋਕਾਂ ਦੀ ਭਾਗੀਦਾਰੀ ਅਤੇ ਸੰਪ੍ਰਦਾਈ ਸਦਭਾਵਨਾ ਤੋਂ ਡਰੇ ਬਸਤੀਵਾਦੀ ਹਾਕਮਾਂ ਨੇ ਸੰਪ੍ਰਦਾਇਕ ਤਣਾਉ ਤੇ ਜਾਤੀ-ਵਰਣ ਆਦਿ ਦੇ ਭੇਦਭਾਵ ਨੂੰ ਤਿੱਖਾ ਕਰਨ ਲਈ ਕਈ ਤਰ੍ਹਾਂ ਦੇ ਹੱਥ-ਕੰਡੇ ਵਰਤਣੇ ਸ਼ੁਰੂ ਕੀਤੇ। ਪੰਜਾਬ ਵਿਚ ਹਿੰਦੂ-ਮੁਸਲਿਮ-ਸਿੱਖ ਭਾਈਚਾਰਿਆਂ ਵਿਚ ਸੰਪਰਦਾਇਕ ਤਣਾਉ ਪੈਦਾ ਕਰਨ ਲਈ ਅੰਗਰੇਜ਼ ਹਾਕਮਾਂ ਨੇ ਮੁਸਲਮਾਨਾਂ ਨੂੰ ਬੁੱਚੜਖਾਨੇ ਖੋਲ੍ਹਣ ਦੀ ਇਜਾਜ਼ਤ ਦਿੱਤੀ। ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਦੇ ਨੇੜੇ ਬੁੱਚੜਖਾਨਾ ਖੋਲ੍ਹਿਆ ਗਿਆ। ਗਊ-ਰੱਖਿਅਕ ਹੋਣ ਕਰਕੇ ਨਾਮਧਾਰੀ ਸਿੱਖਾਂ ਵਿਚ ਰੋਸ ਜਾਗਿਆ। ਸਤਿਗੁਰੂ ਰਾਮ ਸਿੰਘ ਦੇ ਰੋਕਣ ਦੇ ਬਾਵਜੂਦ ਨਾਮਧਾਰੀ ਸਿੰਘਾਂ ਨੇ ਅੰਮ੍ਰਿਤਸਰ ਦੇ ਬੁੱਚੜਖਾਨੇ ਉੱਪਰ ਧਾਵਾ ਬੋਲ ਦਿੱਤਾ। ਕੁਝ ਬੁੱਚੜ ਮਾਰ ਦਿੱਤੇ, ਗਊਆਂ ਨੂੰ ਆਜ਼ਾਦ ਕਰ ਦਿੱਤਾ। ਇਸੇ ਸਿਲਸਿਲੇ ਵਿਚ ਨਾਮਧਾਰੀ ਸਿੱਖਾਂ ਨੇ ਰਾਇਕੋਟ, ਮਲੌਦ ਅਤੇ ਮਲੇਰਕੋਟਲੇ ਦੇ ਬੁੱਚੜਾਂ ਉੱਪਰ ਹਮਲੇ ਕੀਤੇ। ਨਤੀਜੇ ਵਜੋਂ ਸ਼ਾਂਤਮਈ ਅੰਦੋਲਨ ਵਧੇਰੇ ਹਿੰਸਕ ਹੋ ਗਿਆ। ਮਲੇਰਕੋਟਲੇ ਦਾ ਦੁਖਾਂਤਕ ਸਾਕਾ ਵਾਪਰਿਆ, ਜਿਸ ਵਿਚ 65 ਨਾਮਧਾਰੀ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਨਾਮਧਾਰੀ ਅੰਦੋਲਨ ਨੂੰ ਸਖ਼ਤੀ ਨਾਲ ਕੁਚਲਣ ਲਈ ਸਿੱਖਾਂ ਨੂੰ ਤੋਪਾਂ ਨਾਲ ਉਡਾਇਆ ਗਿਆ। ਸਤਿਗੁਰੂ ਰਾਮ ਸਿੰਘ ਜੀ ਨੂੰ 10 ਸੂਬਿਆਂ ਸਮੇਤ ਬੰਦੀ ਬਣਾ ਕੇ ਜੇਲ੍ਹਾਂ ਵਿਚ ਡੱਕ ਦਿੱਤਾ। ਅਖੀਰ ਵਿਚ ਸਤਿਗੁਰੂ ਰਾਮ ਸਿੰਘ ਜੀ ਨੂੰ ਪਹਿਲਾਂ ਬਰ੍ਹਮਾ ਤੇ ਪਿੱਛੋਂ ਮਰਗੋਈ ਦੇ ਟਾਪੂ ਉੱਤੇ ਦੇਸ਼ ਬਦਰ ਕਰ ਦਿੱਤਾ। ਚੰਦਾ ਸਿੰਘ ਝੱਬਰ ਦੇ ਬਾਰਾਂ-ਮਾਹ ਵਿਚ ਇਸ ਘਟਨਾ ਦਾ ਬਿਰਤਾਂਤ ਇੰਜ ਪੇਸ਼ ਹੋਇਆ ਹੈ:

-ਸਤਿਗੁਰੂ ਹੋਰ ਹੁਕਮ ਚੜ੍ਹਾਏ
ਸਾਰੀ ਸੰਗਤ ਤਾਈਂ ਸੁਣਾਏ
ਇਹ ਮਲੇਸ਼ ਲੰਦਨੋ ਆਏ
ਏਨਾਂ ਬੁੱਚੜ ਖਾਨੇ ਲਾਏ
ਸਾਨੂੰ ਦੁੱਖ ਗਊਆਂ ਦਾ ਖਾਏ
ਸਿੰਘੋ ਸੀਸ ਦੇਵਣੇ ਆਏ
ਨਾਏ ਕਰਤਾਰ ਦੇ, [34]

-ਉਨ੍ਹਾਂ ਸ਼ਸਤਰ ਜਾ ਚਲਾਏ
ਮਾਰੇ ਬੁੱਚੜ ਖਾਕ ਰਲਾਏ
ਕੱਟੇ ਗਊਆਂ ਦੇ ਗਲੋਂ ਫਾਹੇ
ਦੇਉਤਿਆਂ ਜੈ ਜੈ ਕਾਰ ਬੁਲਾਏ
ਧਰਮ ਵੀਚਾਰ ਕੈ [35]

ਪੰਜਾਬੀ ਲੋਕ-ਕਾਵਿ ਤੇ ਵਿਸ਼ਿਸ਼ਟ ਕਾਵਿ ਪਰੰਪਰਾ ਵਿਚ ਬਾਰਾਂ-ਮਾਹ ਮੁੱਖ ਤੌਰ 'ਤੇ ਪ੍ਰੇਮੀ ਪ੍ਰੇਮਿਕਾ ਦੇ ਵਿਜੋਗ ਨੂੰ ਬਿਆਨਣ ਵਾਲਾ ਸ਼ਿੰਗਾਰ ਰਸੀ ਕਾਵਿ ਰੂਪ ਹੈ। ਸੂਫ਼ੀ ਤੇ ਭਗਤੀ ਕਾਵਿ ਵਿਚ ਅਧਿਆਤਮਕ ਭਾਵ-ਬੋਧ ਵਾਲੇ ਬਾਰਾਂ-ਮਾਹੇ ਵੀ ਪੰਜਾਬੀ ਕਾਵਿ ਪਰੰਪਰਾ ਦਾ ਸਰਮਾਇਆ ਹਨ। ਮੁਹੱਬਤ ਦੀ ਤੀਬਰ ਤਰੰਗ ਤੇ ਬ੍ਰਿਹਾ ਦੇ ਉਤੇਜਨਾ ਮੂਲਕ ਬਿਆਨ ਕਰਕੇ ਬਾਰਾਂ-ਮਾਹੇ ਦੀ ਭਾਸ਼ਾ ਰਤੀ-ਭਾਵਨਾ ਵਾਲੀ ਤੇ ਸ਼ੈਲੀ ਸ਼ਿੰਗਾਰਮਈ ਹੁੰਦੀ ਹੈ, ਪਰ ਨਾਮਧਾਰੀ ਕਾਵਿ ਵਿਚਲੇ ਇਹ ਬਾਰਾਂ-ਮਾਹੇ ਸ਼ਿੰਗਾਰ ਕਾਵਿ ਨਾਲੋਂ ਭਗਤੀ ਤੇ ਬੀਰ-ਕਾਵਿ ਦੇ ਵਧੇਰੇ ਨੇੜੇ ਹਨ। ਇਨ੍ਹਾਂ ਦਾ ਨਾਇਕ ਗੁਰੂ ਗੋਬਿੰਦ ਸਿੰਘ ਜੀ ਦੇ 'ਸੰਤ ਸਿਪਾਹੀ ਦੇ ਚਰਿੱਤਰ ਦਾ ਧਾਰਨੀ ਹੈ। ਸੰਤ ਨਿਹਾਲ ਸਿੰਘ ਨੇ ਤਾਂ ਸਤਿਗੁਰੂ ਰਾਮ ਸਿੰਘ ਨੂੰ 'ਬਾਰਵਾਂ ਅਵਤਾਰ' ਕਿਹਾ ਹੈ। ਨਾਮਧਾਰੀ ਬਾਰਾਂ-ਮਾਹ ਲੇਖਕਾਂ ਨੇ ਕੂਕਿਆਂ ਲਈ 'ਖਾਲਸਾ', 'ਸਿੰਘ', 'ਸਰਦਾਰ' ਤੇ 'ਸੰਗਤ' ਆਦਿ ਖਾਲਸਾਈ ਬੋਲੇ ਵਰਤੇ ਹਨ। ਬਸਤੀਵਾਦੀ ਹਕੂਮਤ ਦੇ ਜ਼ੁਲਮ ਅੱਗੇ ਨਾ ਝੁਕਣ ਵਾਲੇ ਕੂਕਿਆਂ ਦੇ ਕਰਮ ਤੇ ਕੀਰਤੀ ਨੂੰ 'ਖਾਲਸੇ ਦੀ ਚਾਲ' (ਨਿਹਾਲ ਸਿੰਘ) ਕਹਿ ਕੇ ਵਡਿਆਇਆ ਹੈ। ਸਿਰਲੱਥ ਕੂਕਿਆਂ ਨੂੰ 'ਸ਼ਹੀਦਾਂ ਦੀ ਤਾਬਿਆ ਤੇ ਵਰਦਾਨ ਵਿਚ ਵਿਚਰਨ ਵਾਲੀ ਅਕਾਲ' ਦੀ ਫ਼ੌਜ ਮੰਨਿਆ ਗਿਆ ਹੈ, ਜੋ ਗੁਰੂ ਗੋਬਿੰਦ ਸਿੰਘ ਵੱਲੋਂ ਸਾਜੇ ਗਏ 'ਖਾਲਸੇ ਵਾਂਗ ਚਿੱਤ ਵਿਚ "ਨਾਮ ਤੇ ਸ਼ਸਤਰ" ਦੋਹਾਂ ਨੂੰ ਧਿਆਉਂਦੇ ਹਨ। ਇਉਂ ਬਾਰਾਂ-ਮਾਹੇ ਲੇਖਕ ਕੂਕਾ ਲਹਿਰ ਨੂੰ 'ਖਾਲਸਈ ਰੀਤ ਦਾ ਹੀ ਅੰਗ ਜਾਂ ਅਗਲੇਰੇ ਵਿਕਾਸ ਵਜੋਂ ਬਿਆਨ ਕਰਦੇ ਹਨ। ਇਸ ਸੰਖੇਪ ਵਿਚ ਨਾਮਧਾਰੀ ਬਾਰਾਂ-ਮਾਹੇ ਕੂਕਿਆਂ ਵੱਲੋਂ ਬਸਤੀਵਾਦੀ ਹਕੂਮਤ ਦੇ ਦਮਨ ਦੇ ਬੇਖੌਫ਼ ਵਿਰੋਧ ਦੇ ਬਿਰਤਾਂਤ ਰਾਹੀਂ ਪੰਜਾਬੀ ਭਾਈਚਾਰੇ ਦੇ ਅਵਚੇਤਨ ਵਿਚ ਪਈ ਨਾਬਰੀ ਦੀ ਭਾਵਨਾ ਨੂੰ ਪੁਸ਼ਟ ਕਰਦੇ ਹਨ। ਇਹ ਬਾਰਾਂ-ਮਾਹੇ ਕੂਕਿਆਂ ਦੇ ਬਸਤੀਵਾਦੀ ਵਿਰੋਧ ਨੂੰ

Sri Satguru Jagjit Singh Ji Elibrary NamdhariElibrary@gmail.com

ਵਡੇਰੇ ਰਾਸ਼ਟਰੀ ਪ੍ਰਸੰਗ ਤੇ ਕੌਮੀ ਸੁਤੰਤਰਤਾ ਸੰਗਰਾਮ ਦੇ ਸੰਦਰਭ ਨਾਲ ਜੋੜ ਕੇ ਸਮਝਣ ਦਾ ਯਤਨ ਵੀ ਹੈ। ਸੂਫ਼ੀ, ਭਗਤੀ ਤੇ ਸਿੱਖ ਲਹਿਰ ਭਾਰਤ ਦੇ ਵਿਸ਼ਾਲ ਗੰਗਾ-ਜਮਨੀ ਸਭਿਆਚਾਰ ਦੇ ਹੀ ਵੱਖਰੇ-ਵੱਖਰੇ ਤੇ ਸਥਾਨਕ ਪ੍ਰਗਟਾਵੇ ਸਨ। ਇਨ੍ਹਾਂ ਦੀਆਂ ਤੰਦਾਂ ਗਹਿਰੇ ਰੂਪ ਵਿਚ ਇਕ ਦੂਜੇ ਨਾਲ ਜੁੜੀਆਂ ਹੋਈਆਂ ਸਨ। ਸਤਿਗੁਰੂ ਰਾਮ ਸਿੰਘ ਅਤੇ ਉਸ ਦੇ ਅਨੁਯਾਈਆਂ ਨੂੰ ਇਹ ਸਮਝ ਸੀ ਕਿ ਬਸਤੀਵਾਦ ਤੋਂ ਮੁਕਤੀ ਭਾਰਤੀਆਂ ਦੇ ਸਮੂਹਕ ਤੇ ਸਾਂਝੇ ਸੰਘਰਸ਼ ਦੁਆਰਾ ਹੀ ਸੰਭਵ ਹੈ। ਇਸ ਲਈ ਸਤਿਗੁਰੂ ਰਾਮ ਸਿੰਘ ਅਤੇ ਉਸ ਦੁਆਰਾ ਵਰੋਸਾਏ ਹੋਏ ਕੂਕੇ ਆਪਣੀ ਹੋਣੀ ਨੂੰ ਭਾਰਤ ਅਤੇ ਦੂਜੇ ਦੇਸ਼ਾਂ ਦੇ ਕੌਮੀ ਮੁਕਤੀ ਸੰਘਰਸ਼ਾਂ ਨਾਲ ਜੋੜ ਕੇ ਹੀ ਵੇਖਦੇ ਸਨ। ਇਸ ਲਈ ਨਾਮਧਾਰੀ ਬਾਰਾਂ-ਮਾਹ ਲੇਖਕਾਂ ਨੇ ਕੂਕਾ ਲਹਿਰ ਨੂੰ ਸਿੱਖ ਰੀਤ ਵਾਂਗ ਭਾਰਤੀ ਅਵਚੇਤਨ ਦੇ ਵਿਆਪਕ ਹਵਾਲੇ ਨਾਲ ਵੀ ਜੋੜ ਕੇ ਸਮਝਣ ਦਾ ਯਤਨ ਕੀਤਾ। ਸਤਿਗੁਰੂ ਰਾਮ ਸਿੰਘ ਨੂੰ ਖਾਲਸ ਰੀਤ ਦਾ 'ਬਾਰਵਾਂ' ਅਵਤਾਰ ਕਹਿਣ ਵਾਲੇ ਨਾਮਧਾਰੀ ਬਾਰਾਂਮਾਹ ਲੇਖਕਾਂ ਨੇ ਉਨ੍ਹਾਂ ਦੇ ਦੇਸ਼-ਬਦਰ ਕੀਤੇ ਜਾਣ ਦੀ ਘਟਨਾ ਨੂੰ ਸ੍ਰੀ ਰਾਮ ਚੰਦਰ ਜੀ ਦੇ ਬਨਵਾਸ ਦੀ ਮਿੱਥ ਦੇ ਹਵਾਲੇ ਨਾਲ ਬਿਆਨ ਕੀਤਾ ਹੈ। ਰਾਮ ਅਤੇ ਕ੍ਰਿਸ਼ਨ ਦੇ ਮਿੱਥਕ ਭਾਰਤੀ ਮਨੁੱਖ ਦੇ ਅਵਚੇਤਨ ਦੀ ਸਾਂਝੀ ਧਰੋਹਰ ਹਨ। ਰਾਮ ਤੇ ਕ੍ਰਿਸ਼ਨ ਕੁਲੀਨ ਵਰਗ ਦੇ ਦਮਨਕਾਰੀ (Hegemonic) ਸਭਿਆਚਾਰ ਦੇ ਵਿਰੋਧ ਵਿਚ ਲੋਕ-ਸਭਿਆਚਾਰ ਵਿਚਲੀ ਨਾਬਰੀ ਨੂੰ ਹੀ ਵੱਖ-ਵੱਖ ਲੋਕ ਬਿਰਤਾਂਤਾਂ ਰਾਹੀਂ ਰੂਪਮਾਨ ਕਰਦੇ ਹਨ। ਕ੍ਰਿਸ਼ਨ ਦੁਆਰੇ ਰਾਜੇ ਕੰਸ ਦੇ ਵੱਧ ਅਤੇ ਰਾਮ-ਅਵਤਾਰ ਦੀ ਮਿੱਥ ਦੇ ਪ੍ਰਤੀਕਾਤਮਕ ਪ੍ਰਗਟਾਵੇ ਦੁਆਰਾ ਨਾਮਧਾਰੀ ਬਾਰਾਂ-ਮਾਹ ਲੇਖਕ ਸਤਿਗੁਰੂ ਰਾਮ ਸਿੰਘ ਨੂੰ ਸਾਂਝੇ ਭਾਰਤੀ ਨਾਇਕ ਵਜੋਂ ਸਥਾਪਤ ਕਰਦੇ ਹਨ। ਸਤਿਗੁਰੂ ਰਾਮ ਸਿੰਘ ਦੀ ਬਸਤੀਵਾਦੀ ਹਕੂਮਤ ਦੁਆਰਾ ਜਲਾਵਤਨੀ ਤੇ ਨਾਮਧਾਰੀ ਸੰਗਤ ਦੀ ਮਿਲਣ ਦੀ ਤਾਂਘ ਨੂੰ ਰਾਮ ਬਨਵਾਸ ਦੇ ਪ੍ਰਤੀਕਾਤਮਿਕ ਪ੍ਰਸੰਗ ਦੁਆਰਾ ਇੰਜ ਬਿਆਨ ਕੀਤਾ ਗਿਆ ਹੈ:

ਮਹੀਨਾ ਫੱਗਣ ਕੀਆ ਪਰਵਾਸ...
ਜਿਵੇਂ ਰਾਮ ਚਲੇ ਬਨਵਾਸ।
ਸੀਤਾ ਲਛਮਣ ਲੈ ਕੇ ਸਾਥ,
ਏਥੇ ਨਾਨੂੰ ਸਿੰਘ ਲੈ ਗਏ
ਪਿੱਛੇ ਵਾਂਗ ਭਰਤ ਭਾਈ ਰਹੇ ।
ਦੁੱਖ ਸੁੱਖ ਜਿਸ ਤੇ ਸੰਗਤ ਸਹੇ।
ਮੈਂ ਬਲਿਹਾਰੀਆਂ, [36]
ਸਾਥੋਂ ਵਿਛੜੇ ਸਤਿਗੁਰ ਪਿਆਰੇ,
ਸੰਗਤ ਸਾਧ ਉਡੀਕਣ ਸਾਰੇ,
ਜਿਉਂ ਅਜੁਧਿਆ ਰਾਮ ਨੂੰ।[37]

ਸੰਗਤ ਦਰਸ਼ਨ ਦੀ ਸਧਰਾਈ,
ਭਰਥ ਵਾਂਗ ਉਡੀਕੇ ਭਾਈ।[38]

ਸੱਚੇ ਰਾਸ਼ਟਰ ਭਗਤ ਹੋਣ ਕਰਕੇ ਨਾਮਧਾਰੀ ਬਾਰਾਂ-ਮਾਹ ਲੇਖਕ ਗੁਰਮਤਿ ਪਰੰਪਰਾ (ਖਾਲਸਾ ਰੀਤ) ਅਤੇ ਭਾਰਤੀ ਧਰਮ ਪਰੰਪਰਾ (ਰਾਮ-ਕ੍ਰਿਸ਼ਨ ਰੀਤ) ਵਿਚ ਕੋਈ ਵਖਰੇਵਾਂ ਜਾਂ ਵਿਰੋਧ ਨਹੀਂ ਸਮਝਦੇ। ਜਦੋਂ ਬਰਤਾਨਵੀ ਬਸਤੀਵਾਦੀ ਹਕੂਮਤ ਵੱਖ ਵੱਖ ਭਾਰਤੀ ਸੰਪ੍ਰਦਾਵਾਂ, ਧਰਮਾਂ ਤੇ ਭਾਈਚਾਰਿਆਂ ਨੂੰ ਇੱਕ ਦੂਜੇ ਦੇ ਖਿਲਾਫ਼ ਭੜਕਾ ਰਹੇ ਸਨ, ਉਸ ਸਮੇਂ ਨਾਮਧਾਰੀ ਲੇਖਕਾਂ ਦੀ ਰਾਸ਼ਟਰਵਾਦੀ ਪਹੁੰਚ ਵਧੇਰੇ ਮਹੱਤਵਪੂਰਨ ਅਰਥ ਰੱਖਦੀ ਹੈ। ਇਸੇ ਲਈ ਉਹ ਹਿੰਦੂ ਧਾਰਮਕ ਰੀਤ ਤੇ ਖਾਲਸਾ ਰੀਤ ਦੋਹਾਂ ਦੀ ਓਟ ਲੈਣ ਦਾ ਸੰਦੇਸ਼ ਦਿੰਦੇ ਹਨ।

ਗਣਪਤ ਗੌਰਾਂ ਸਾਰਦਾ ਸ਼ਰਨ ਗੁਰਾਂ ਕੀ ਲੇਹਿ।
ਨਾਨਕ ਨਿਹਫਲ ਜਾਤ ਹੈ ਭਜਨ ਬਿਨਾ ਜੋ ਦੇਹਿ। [39]

ਚਰਚਾ ਅਧੀਨ ਬਾਰਾਂ-ਮਾਹਿਆਂ ਦਾ ਭਾਸ਼ਾਈ ਸਰੂਪ ਵੀ ਸਾਂਝੀ ਸਾਂਸਕ੍ਰਿਤਕ ਭਾਸ਼ਾਈ ਪਰੰਪਰਾ ਵਾਲਾ ਹੈ। ਬ੍ਰਜ-ਭਾਸ਼ਾ ਦੀ ਪੁੱਠ ਵਾਲੀ ਇਨ੍ਹਾਂ ਬਾਰਾਂ-ਮਾਹਿਆਂ ਦੀ ਭਾਸ਼ਾ ਵੀ ਰਾਸ਼ਟਰੀ ਭਾਵਨਾ ਨੂੰ ਪੁਸ਼ਟ ਕਰਨ ਵਾਲੀ ਹੈ। ਭਾਸ਼ਾਈ ਪੱਖੋਂ ਵੀ ਇਨ੍ਹਾਂ ਬਾਰਾਂਮਾਹਿਆਂ ਦਾ ਇਤਿਹਾਸਕ ਮਹੱਤਵ ਹੈ। ਦੂੰਦ, ਸਲੋਤਰ, ਮਲੇਸ਼, ਫ਼ਰੰਗੀ, ਨੰਦਨ, ਸੈਣ, ਰਘੁਪਤਿ ਰਾਈ, ਕੰਸ ਅਉਤਾਰ, ਥਾਨ, ਸਧਰਾਈ, ਲਾਟ ਆਦਿ ਲਫ਼ਜ਼, ਜੋ 19ਵੀਂ ਸਦੀ ਦੀਆਂ ਇਨ੍ਹਾਂ ਰਚਨਾਵਾਂ 'ਚ ਆਏ ਹਨ, ਅੱਜ ਸਾਡੇ ਭਾਸ਼ਾਈ ਸੰਸਾਰ 'ਚੋਂ ਲੋਪ ਹੋ ਰਹੇ ਹਨ। ਸਵਾ ਕੁ ਸਦੀ ਵਿਚ ਪੰਜਾਬੀ ਭਾਸ਼ਾ ਦਾ ਸ਼ਬਦ ਭੰਡਾਰ ਕਿੰਨਾ ਬਦਲ ਗਿਆ ਹੈ? ਇਹ ਜਾਣਨ ਲਈ ਵੀ ਇਨ੍ਹਾਂ ਬਾਰਾਂਮਾਹਾਂ ਦਾ ਅਧਿਐਨ ਬੜਾ ਰੌਚਿਕ ਹੈ। ਪੰਜਾਬ ਦਾ ਭਾਸ਼ਾਈ ਸੰਸਾਰ ਜਾਂ ਲੱਫ਼ਾਜ਼ੀ ਦਾ ਭੰਡਾਰ ਹੀ ਨਹੀਂ ਸੁੰਗੜਿਆ, ਸਗੋਂ ਦੇਸ਼ ਪੰਜਾਬ ਦੀਆਂ ਜੂਹਾਂ ਵੀ ਸੁੰਗੜੀਆਂ ਹਨ। ਇਨ੍ਹਾਂ ਬਾਰਾਂ-ਮਾਹਾਂ ਵਿਚਲਾ ਦੇਸ਼ (ਪੰਜਾਬ) ਪਸ਼ੌਰ ਤੋਂ ਆਗਰਾ ਤੇ ਕਲਾਨੌਰ ਤੋਂ ਹਿਸਾਰ ਤੱਕ ਫੈਲਿਆ ਹੋਇਆ ਸੀ। ਸਿੱਖੀ ਦਾ ਬੋਲਬਾਲਾ ਕਾਬਲ, ਕੰਧਾਰ, ਬਲਖ ਤੇ ਬੁਖਾਰੇ

Sri Satguru Jagjit Singh Ji Elibrary NamdhariElibrary@gmail.com

ਤੱਕ ਸੀ। ਅੱਜ ਸਿੱਖ ਭਾਈਚਾਰੇ ਕੋਲ ਸਤਿਗੁਰੂ ਰਾਮ ਸਿੰਘ ਵਰਗਾ ਕੋਈ ਦੂਰਅੰਦੇਸ਼ ਰਹਿਬਰ ਵੀ ਨਹੀਂ, ਜਿਸ ਕੋਲੋਂ ਦੁਨੀਆ ਦੇ ਵੱਡੇ ਖਿੱਤੇ ਉੱਤੇ ਰਾਜ ਕਰਨ ਵਾਲੇ ਜੰਗੀ ਲਾਟ ਅਰਥਾਤ ਫ਼ਰੰਗੀ ਖੌਫ਼ਜ਼ਦਾ ਸਨ। ਦੁਨੀਆ ਦੇ ਗਰੀਬ ਮੁਲਕਾਂ ਵਾਂਗ ਅੱਜ ਪੰਜਾਬ ਨਵੇਂ 'ਬਨਵਾਸ' ਦੇ ਸਨਮੁੱਖ ਹੈ। ਸਤਿਗੁਰੂ ਰਾਮ ਸਿੰਘ ਦੀ ਜਲਾਵਤਨੀ ਬਸਤੀਵਾਦੀ ਹਕੂਮਤ ਦੇ ਬਾਗੀ ਦਾ ਬਨਵਾਸ ਸੀ। ਅੱਜ ਸਾਡੇ ਬੱਚੇ ਅਤੇ ਨੌਜਵਾਨ ਇੱਛਤ ਬਨਵਾਸ ਨੂੰ ਆਪਣੀ ਮੁਕਤੀ ਸਮਝ ਰਹੇ ਹਨ। ਇਸ ਨਵੇਂ ਬਨਵਾਸ ਪਿਛਲੀ ਕਾਰਪੋਰੇਟੀ ਪੂੰਜੀ ਦਾ ਲੁਭਾਉਣਾ ਰੂਪ ਤੇ ਛਲੀਆ ਸਿਆਸਤ ਅਜੇ ਸਾਡੀ ਸਮਝ ਤੋਂ ਬਾਹਰ ਹੈ। ਨਾਮਧਾਰੀ ਬਾਰਾਂਮਾਹਾਂ ਵਿਚ ਜਿਸ ਸਾਮਰਾਜਵਾਦ ਦਾ ਵਿਰੋਧ ਹੈ, ਉਹ ਅੱਜ ਹੱਦਾਂ-ਸਰਹੱਦਾਂ ਮੁਕਤ ਸੁਤੰਤਰ ਵਪਾਰ ਤੇ ਵਿਸ਼ਵੀਕਰਨ ਦੇ ਨਵੇਂ ਤੇ ਲੁਭਾਉਣੇ ਮਖੌਟੇ ਨਾਲ ਹਾਜ਼ਰ ਹੈ। 'ਪੂੰਜੀ' ਜਾਂ 'ਵਿੱਤੀ ਪੂੰਜੀ' ਦੁਆਰਾ ਸੰਚਾਲਤ ਨਵੇਂ ਕਾਰਪੋਰੇਟ ਵਰਤਾਰੇ ਨੂੰ ਸਮਝਣ ਲਈ ਨਾਮਧਾਰੀ ਬਾਰਾਂਮਾਹਾਂ ਦੀ ਪਤ ਅੱਜ ਵੀ ਪ੍ਰਸੰਗਕ ਹੈ।

ਫੁੱਟ-ਨੋਟ ਤੇ ਹਵਾਲੇ

1. Dizarley, cited by Karl Marx, 'The INDIAN Question', New York Daily Tribune, 14 August, 1857

2. ਡਬਲਿਊ.ਐਚ. ਰੱਸਲ, ਹਵਾਲਾ ਪੀ.ਸੀ. ਜੋਸ਼ੀ, ਹਮਾਰੇ ਇਤਿਹਾਸ ਮੇਂ 1857, ਉਦਭਾਵਨਾ: 1857, ਨਿਰੰਤਰਤਾ ਔਰ ਪਰਿਵਰਤਨ, (ਸੰਪਾ.) ਦੀਪ ਸਕਸੈਨਾ, ਅੰਕ 75, ਅਪ੍ਰੈਲ-ਜੂਨ, 2007, ਪੰਨਾ 155.

3. ਅਸਲ ਵਿਚ ਭਾਰਤੀ ਪ੍ਰਦੀਪ ਦੇ ਉੱਤਰੀ ਤੇ ਉੱਤਰ-ਪੱਛਮੀ ਦੇਸ਼ਾਂ ਵਿਚ ਦੇਸ਼ੀ ਜਾਤੀਆਂ ਨੇ ਬਰਤਾਨਵੀ ਸੱਤਾ ਖਿਲਾਫ਼ ਵਿਦਰੋਹ ਕਰ ਦਿੱਤਾ ਸੀ। ਕੇਵਲ ਸਿਪਾਹੀਆਂ ਨੇ ਹੀ ਵਿਦਰੋਹ ਨਹੀਂ ਸੀ ਕੀਤਾ, ਇਸ ਨੂੰ ਕੋਰੀ ਸੈਨਿਕ ਕ੍ਰਾਂਤੀ ਦਾ ਨਾਮ ਨਹੀਂ ਦਿੱਤਾ ਜਾ ਸਕਦਾ। ਇਹ ਤਾਂ ਭਾਰਤ ਉੱਪਰ ਵਿਦੇਸ਼ੀ ਸੱਤਾ ਦੇ ਵਿਰੁੱਧ ਸੈਨਿਕ ਕਠਿਨਾਈਆਂ, ਰਾਸ਼ਟਰੀ ਘ੍ਰਿਣਾ ਅਤੇ ਧਾਰਮਕ ਕੱਟੜਤਾ ਦਾ ਸਾਂਝਾ ਉਭਾਰ ਸੀ। ਇਸ ਵਿਚ ਦੇਸੀ ਰਾਜਿਆਂ ਤੇ ਸੈਨਿਕਾਂ ਨੇ ਭਾਗ ਲਿਆ। ਮੁਸਲਮਾਨਾਂ ਤੇ ਹਿੰਦੂਆਂ ਨੇ ਆਪਣੇ ਸਦੀਆਂ ਪੁਰਾਣੇ ਧਾਰਮਕ ਵਿਰੋਧਾਂ ਨੂੰ ਭੁਲਾ ਕੇ ਈਸਾਈਆਂ ਦੇ ਖਿਲਾਫ਼ ਹੱਥ ਮਿਲਾਏ। ਘਿਰਣਾ ਅਤੇ ਚਿੰਤਾ ਨੇ ਇਸ ਮਹਾਨ ਵਿਦਰੋਹੀ ਅੰਦੋਲਨ ਨੂੰ ਪ੍ਰੋਤਸਾਹਨ ਦਿੱਤਾ। ਚਰਬੀ ਵਾਲੇ ਕਾਰਤੂਸਾਂ ਦੇ ਵਿਵਾਦ ਨੇ ਤਾਂ ਇੱਕ ਚੰਗਿਆੜੀ ਭੜਕਾਈ।... ਮੇਰਠ ਦੇ ਸਿਪਾਹੀਆਂ ਨੂੰ ਛਿਣ ਭਰ ਵਿਚ ਹੀ ਆਗ ਮਿਲ ਗਿਆ। ਉਨਾਂ ਨੂੰ ਇੱਕ ਝੰਡਾ (ਕੌਮੀ ਨਿਸ਼ਾਨ) ਤੇ ਉਦੇਸ਼ ਵੀ ਮਿਲ ਗਿਆ ਅਤੇ ਇਹ ਵਿਦਰੋਹ ਇੱਕ ਕ੍ਰਾਂਤੀ ਯੁੱਧ ਵਿਚ ਬਦਲ ਗਿਆ।... ਉਨ੍ਹਾਂ ਦੇ ਸੈਨਿਕ ਵਿਦਰੋਹ ਨੂੰ ਇੱਕ ਰਾਸ਼ਟਰੀ ਧਰਮਯੁੱਧ ਵਿਚ ਬਦਲ ਦਿੱਤਾ। ਜਸਟਿਨ ਮੈਕਾਰਥੀ, ਹਵਾਲਾ ਵਿਨਾਯਕ ਦਾਮੋਦਰ ਸਾਵਰਕਰ, 1857 ਕਾ ਸਵਾਤੰਜ ਸਮਰ, ਸੰਸਕਰਨ 2013, ਪੰਨਾ 42.

4. Humayun Kabir, *Mother of the Freedom Movement*, Namdhari Sikhs the Pioneer Freedom Fighters, (Ed.) H.S. Hanspal, () P. 16-17.

5. ਪੰਡਿਤ ਜਵਾਹਰ ਲਾਲ ਨਹਿਰੂ, "ਸੰਨ 1857 ਕਾ ਵਿਦਰੋਹ: ਜਾਤੀਯ ਅਹੰਕਾਰ, ਉਦਭਾਵਨਾ, ਪੰਨਾ 74.

6. ਆਰ.ਸੀ. ਮਜੂਮਦਾਰ, "ਸੰਨ 1857 ਕੇ ਵਿਸਫੋਟ ਕਾ ਚਰਿ, ਉਦਭਾਵਨਾ, ਪੰਨੇ 119-21.

7. ਡਾ. ਗੰਡਾ ਸਿੰਘ, ਕੂਕਿਆਂ ਦੀ ਵਿਥਿਆ, ਪੰਨੇ 35-36

8. ਡਾ. ਜੁਗਿੰਦਰ ਸਿੰਘ, ਨਾਮਧਾਰੀ ਮਿਸ਼ਨ ਦੀ ਇਤਿਹਾਸਕ ਪ੍ਰਸੰਗਿਕਤਾ, ਕੂਕਾ ਲਹਿਰ ਸਾਹਿਤ ਤੇ ਇਤਿਹਾਸ, (ਸੰਪਾ.) ਗੁਰਭੇਜ ਸਿੰਘ ਗੁਰਾਇਆ, (2017), ਪੰਨਾ 54.

9. *The whole drift of his reformation being apparently to consolidate the power to Sikhism with a view to political ends.* I think it is possible that this was not the original intention, but I fully believe that it has been the result, and further am of opinion that it was the natural result of any religious revival among a warlike race panting to recover much loved land and to restore the glories of their sect.* Colonel R.G. Taylor; cited in, Rebels Against The British Rule, Bhai Nahar Singh, Bhai Kirpal Singh (Eds), (1989) P. 19-20

10. *Whatever may have been the intentions of the leaders of the sect as the beginning, its tendency is distinctly political...

Sri Satguru Jagjit Singh Ji Elibrary NamdhariElibrary@gmail.com

Many men of position are joining the sect.... It seems necessary for the internal safety and tranquility of the country, that Ram Singh be deported to some place, where he connot be visited by his worshippers. ... I am strongly of the opinion that the safest thing to do with Ram Singh is to transport him to the Andemans.* Macnabb, J.W. Cited in, Ibid, P XIX.

11. Encyclopaedia Britannica, Vol. VIII, P 142 Also see Dr. Fauja Singh Bajwa, Kuka Movement, (2nd Ed. 2017), P.41-42.

12. Lt. Colonel G. Mc Andrew, cited in, Rebels Against the British Rule, P. XX.

13. ਹਰਕਿਸ਼ਨ ਸਿੰਘ ਸੁਰਜੀਤ, ਬਰਤਾਨਵੀ ਸਾਮਰਾਜ ਵਿਰੋਧੀ ਲਹਿਰਾਂ: ਸੰਖੇਪ ਇਤਿਹਾਸ, ਪੰਨਾ 34.

14. ਪੀ.ਸੀ. ਰਾਇ, ਹਵਾਲਾ, ਤਾਰਾ ਸਿੰਘ ਅਨਜਾਣ, ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ, (2008) ਪੰਨਾ 136

15. *Suspicions have been aroused that the objects of Ram Singh and his disciples were not merely religious, but that, under the guise of a religious reformer and a teacher of moral precepts, he harboured deep political designs, the Guru was, for some years, detained under strict surveillance in his village; ... but, as he gained more importance by making converts, his teachings became more political in their nature. His followers assumed an air of arrogance... The first proofs of their being a dangerous sect appeared in June and July 1871, at Amritsar, and at Raikot in the Ludhiana District, when some Mohammaden butchers being found to have been murdered on the account of the slaughter of kine... Ram Singh, the leader of the Sect, who had been seized and removed to Allahabad, was sent to Burmah, where he subsequently died.* Syad Muhammad Latif, History of the Punjab, (1994), P595.

16. D.E. McCracken, cited by Jaswinder Singh, Kuka Movement: Freedom struggle in Punjab, (1985), P. 294-95

17. C.L. Tupper, cited in Ibid, P. 29394.

18. ਬਾਬਾ ਚੰਦਾ ਸਿੰਘ ਨਾਮਧਾਰੀ, ਬਾਰਾਂਮਾਹ, ਰਾਮ ਵਿਯੋਗੀਆਂ ਦੇ ਬਾਰਾਂਮਾਹ, (ਸੰਪਾ.) ਤਾਰਾ ਸਿੰਘ ਅਨਜਾਣ, (1995), ਪੰਨਾ 46.

19. ਪੀ.ਸੀ. ਰਾਏ, ਉਹੀ, ਪੰਨਾ 136

20. ਬਾਬਾ ਚੰਦਾ ਸਿੰਘ ਨਾਮਧਾਰੀ, ਉਹੀ, ਪੰਨਾ 46

21. ਉਹੀ, ਪੰਨੇ 44-46,

22. ਉਹੀ, ਪੰਨਾ 36.

23. ਸੰਤ ਨਿਹਾਲ ਸਿੰਘ, ਬਾਰਾਂਮਾਹ, ਰਾਮ ਵਿਯੋਗੀਆਂ ਦੇ ਬਾਰਾਂਮਾਹ, ਪੰਨੇ 50-51

24. ਉਹੀ, ਪੰਨਾ 52

25. ਕੈਪਟਨ ਥਲੋਚ, ਗੁਲਾਮ ਭੀਖ ਜਲੰਧਰੀ, ਹਵਾਲਾ, ਤਾਰਾ ਸਿੰਘ ਅਨਜਾਣ, ਨਾਮਧਾਰੀ ਪੰਥ ਦੇ ਸਿਧਾਂਤ ਤੇ ਇਤਿਹਾਸਕ ਪੱਖ ਕੂਕਾ ਲਹਿਰ, ਸਾਹਿਤ ਤੇ ਇਤਿਹਾਸ (2017) (ਸੰਪਾ.) ਗੁਰਭੇਜ ਸਿੰਘ ਗੁਰਾਇਆ, ਪੰਨੇ 13941

26. ਡਾ. ਜੁਗਿੰਦਰ ਸਿੰਘ, ਉਹੀ, ਪੰਨਾ 53,

27. ਬਾਬਾ ਚੰਦਾ ਸਿੰਘ ਨਾਮਧਾਰੀ, ਉਹੀ ਪੰਨਾ 24,

28. ਸੰਤ ਨਿਹਾਲ ਸਿੰਘ, ਉਹੀ, ਪੰਨੇ 53-54,

29. ਬਾਬਾ ਚੰਦਾ ਸਿੰਘ ਨਾਮਧਾਰੀ, ਉਹੀ, ਪੰਨਾ 23,

30. ਉਹੀ, ਪੰਨਾ 32,

31. ਉਹੀ, ਪੰਨਾ 26,

32. ਉਹੀ, ਪੰਨਾ 27,

33. ਉਹੀ, ਪੰਨਾ 39,

34. ਉਹੀ, ਪੰਨਾ 33,

35. ਉਹੀ, ਪੰਨਾ 33,

36. ਉਹੀ, ਪੰਨਾ 39,

37. ਉਹੀ, ਪੰਨਾ 41,

38. ਉਹੀ, ਪੰਨਾ 42,

39. ਉਹੀ, ਪੰਨਾ 18

ਸੰਪ:98156-36565

Sri Satguru Jagjit Singh Ji Elibrary NamdhariElibrary@gmail.com

ਅਨੰਦ ਕਾਰਜ

✍- ਸਵ.ਕਵੀ ਪ੍ਰੀਤਮ ਸਿੰਘ

1 ਜੂਨ, 1863 ਈ: ਸਿਆੜ ਵਿਖੇ ਬੀਬੀਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ਣ ਵਾਲੇ ਮੇਲੇ ਤੋਂ ਆਰੰਭ ਹੋਇਆ ਇਹ ਇਸਤਰੀ ਹਿਤ ਅੰਦੋਲਨ, 1857 ਤੋਂ ਚਲਦੇ ਦੇਸ਼ ਭਗਤੀ ਅੰਦੋਲਨ ਨਾਲ ਜੁੜ ਕੇ ਪੰਜਾਬ ਦੇ ਸਾਰੇ ਇਲਾਕਿਆਂ ਵਿਚ ਛਾ ਗਿਆ। ਪੁਆਧ, ਦੁਆਬਾ, ਮਾਝਾ, ਮਾਲਵਾ, ਤਪਾ, ਬਾਰ, ਦੜਪ, ਪੋਠੋਹਾਰ ਆਦਿ ਵਿਚ ਨਾਮਧਾਰੀਆਂ ਦੇ ਚੰਗੇ ਜਿਊਂਦੇ ਟਿਕਾਣੇ ਬਣ ਗਏ ਅਤੇ ਗੁਰੂ ਰਾਮ ਸਿੰਘ ਜੀ ਦੇ ਪਰਚਾਰ-ਦੌਰਿਆਂ ਨਾਲ ਸਾਰਾ ਦੇਸ਼ ਜਿਵੇਂ ਸੁਤਿਓਂ ਜਾਗ ਪਿਆ। ਸਦਾਚਾਰ ਦੇ ਇਸ ਉਭਾਰ ਦੇ ਪਿੱਛੇ ਜੋ ਮਹਾਨ ਸ਼ਕਤੀ ਕੰਮ ਕਰ ਰਹੀ ਸੀ, ਜਥੇਬੰਦਕ ਕ੍ਰਾਂਤੀ - ਉਸ ਦਾ ਅੰਦਰੋਗਤੀ ਉਹਨਾਂ ਨੂੰ ਹੀ ਅੰਦਾਜ਼ਾ ਸੀ ਜਿਹੜੇ ਉਪਰਲੇ ਕੇਂਦਰ ਨਾਲ ਗੰਭੀਰ ਹੋ ਕੇ ਜੁੜੇ ਹੋਏ ਸਨ। ਜਿਵੇਂ ਗੁਰਵਾਕ ਹੈ:

ਭਗਤਾ ਤੇ ਸੈਸਾਰੀਆ ਜੋੜੁ ਕਦੇ ਨ ਆਇਆ ।

ਇੰਜ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਸਨ ਜਿਹੜੀਆਂ ਇਸਤਰੀਆਂ ਨੂੰ ਅੰਮ੍ਰਿਤ ਛਕਾਣ ਤੋਂ ਬਾਅਦ ਵੀ ਅਜੇ ਕਸੂਤੀਆਂ ਸਨ ਤੇ ਜਿਨ੍ਹਾਂ ਤੇ ਸੱਟ ਮਾਰਨੀ ਬਣਦੀ ਸੀ । ਜਿਵੇਂ ਲੋਕ ਮੜੀਆਂ ਗੋਰਾਂ ਵਿਚ ਵਿਸ਼ਵਾਸ, ਸਖੀ ਸਰਵਰਾਂ ਤੇ ਗੁੱਗਿਆਂ, ਵਡਾਰੂਆਂ ਤੇ ਮਾਤਾ ਦੀਆਂ ਚੌਕੀਆਂ ਭਰਨੀਆਂ । ਕੱਚੇ ਪੱਕੇ ਥਾਈਂ ਦੀਵੇ ਬਾਲਣੇ ਅਤੇ ਇਕ ਜਾਂ ਦੂਜੇ ਢੰਗ ਨਾਲ ਵਹਿਮਾਂ-ਭਰਮਾਂ ਦੇ ਸ਼ਿਕਾਰ ਬਣੇ ਹੋਏ ਸਨ ।

ਨਾਮਧਾਰੀ ਤਾਂ ਨਾਮ ਲੈਂਦਿਆਂ ਹੀ ਚੁਔਖਰੇ ਭਜਨ ਤੇ ਬਾਣੀ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖਿਆ-ਦੀਖਿਆ 'ਤੇ ਵਿਸ਼ਵਾਸ ਲਿਆ ਕੇ ਚੜਦੀ ਕਲਾ ਵਾਲੇ ਹੋ ਜਾਂਦੇ ਸਨ, ਪਰ ਆਮ ਲੋਕਾਂ ਵਿਚੋਂ ਵੀ ਮੜੀ ਪੂਜਾ ਆਦਿ ਵਹਿਮ ਦੂਰ ਕਰਨ ਲਈ ਇਕ ਮੁਹਿੰਮ ਚਲਾਈ ਗਈ, ਜਿਸ ਨਾਲ ਕਈਆਂ ਲੋਕਾਂ ਦੇ ਵਿਸ਼ਵਾਸ ਨੂੰ ਸੱਟ ਵੀ ਲਗੀ, ਪਰ ਬਹੁਤਿਆਂ ਦੀਆਂ ਅੱਖਾਂ ਵੀ ਖੁੱਲ੍ਹੀਆਂ ਕਿ ਜੇ ਨਾਮਧਾਰੀ ਤੀਵੀਆਂ-ਮਰਦਾਂ ਦੇ, ਮੜੀਆਂ ਸਮਾਧਾਂ ਉਧੇੜਨ ਅਤੇ ਸਖੀ ਸਰਵਰਾਂ ਤੇ ਧਰੋਕਲਾਂ ਦੇ ਫੂਲ ਤੋੜ ਲਿਆਉਣ ਨਾਲ ਕੋਈ ਆਖਰ ਨਹੀਂ ਆਈ ਤਾਂ ਅਸੀਂ ਕਿਉ ਐਵੇਂ ਇਨ੍ਹਾਂ ਤੇ ਮੱਥੇ ਘਸਾਂਦੇ ਫਿਰੀਏ ।

ਪਰ ਇਕ ਜਮਾਤ ਹੋਰ ਸੀ ਜੋ ਵੰਨ-ਸੁਵੰਨੇ ਕਰਮ ਕਾਂਡ ਤੇ ਰੀਤੀਆਂ ਰਸਮਾਂ ਦੇ ਚੱਕਰ ਵਿੱਚ ਪਾ ਕੇ ਆਮ ਮਨੁੱਖ ਨੂੰ ਭਰਮ ਜਾਲ ਵਿਚ ਫਸਾਈ ਰੱਖਣ ਵਿਚ ਆਪਣਾ ਹਲਵਾ-ਮੰਡਾ ਚੱਲਦਾ ਰਖਣਾ ਚਾਹੁੰਦੀ ਸੀ - ਉਹ ਸੀ ਬ੍ਰਾਹਮਣ ਭਾਈਚਾਰਾ । ਕੀ ਹਿੰਦੂ ਤੇ ਕੀ ਸਿੱਖ, ਸਭਨਾਂ ਦੇ ਜੰਮਣੇ-ਮਰਨੇ ਤੇ ਵਿਆਹ-ਸ਼ਾਦੀਆਂ ਇਸ ਦੀ ਮਨਜ਼ੂਰੀ, ਸਲਾਹ ਅਤੇ ਕਰਮ ਕਾਂਡ ਨਾਲ ਹੁੰਦੇ ਸਨ ।

ਵਿਆਹ ਛੋਟੀ ਉਮਰ ਦੇ ਤਾਂ ਆਮ ਸਨ ਹੀ, ਪਰ ਉਹਨਾਂ ਲਈ ਲਗਨ-ਸ਼ਗਨ । ਵਿਚਾਰਨੇ, ਮਹੂਰਤ ਕੱਢਣੇ, ਟੇਵੇ ਬਣਾਣੇ, ਵੇਖਣੇ ਤੇ ਮੇਲਣੇ ਅਤੇ ਸਾਰੀ-ਸਾਰੀ ਰਾਤ ਦੇ ਵਿਆਹ ਸਿਸਟਮ ਨੂੰ ਵੀ ਗੁਰੂ ਰਾਮ ਸਿੰਘ ਜੀ ਨੇ ਚੋਟ ਮਾਰਨ ਯੋਗ ਸਮਝ, ਅੰਮ੍ਰਿਤਸਰ ਵੈਸਾਖੀ, ਬਿ: 1920 (13 ਅਪਰੈਲ 1863 ਈ:) ਤੇ ਮੁਖੀ ਨਾਮਧਾਰੀਆਂ ਨਾਲ ਮਸ਼ਵਰਾ ਕੀਤਾ ।

ਬਾਬਾ ਜਵਾਹਰ ਸਿੰਘ, ਪੰਡਿਤ ਨਰੈਣ ਸਿੰਘ, ਬਾਬਾ ਲੱਖਾ ਸਿੰਘ, ਬਾਬਾ ਕਾਨ੍ਹ ਸਿੰਘ ਅਤੇ ਬਾਬਾ ਬੁੱਧ ਸਿੰਘ ਜੀ ਆਦਿ ਨਾਮਧਾਰੀ ਆਗੂ ਇਸ ਅਵਸਰ 'ਤੇ ਅੰਮ੍ਰਿਤਸਰ ਪਧਾਰੇ ਹੋਏ ਸਨ । ਇਹਨਾਂ ਇਸਤਰੀਆਂ ਨੂੰ ਅੰਮ੍ਰਿਤ ਛਕਾਣ ਤੇ ਹੋਰ ਸੁਧਾਰਾਂ ਦੇ ਪਰਚਾਰ ਤੇ ਪਰਭਾਵ ਦਾ ਵਿਸਥਾਰ ਪੂਰਣ ਵਿਸ਼ਲੇਸ਼ਣ ਕੀਤਾ ਅਤੇ ਅੰਤ ਉਤੇ ਸਤਿਗੁਰੂ ਰਾਮ ਸਿੰਘ ਜੀ ਨੇ ਹੁਕਮ ਕੀਤਾ ਕਿ ਜਦੋਂ ਆਦਿ ਗਰੰਥ ਸਾਹਿਬ ਜੀ ਵਿਚ ਚਾਰੇ ਲਾਵਾਂ ਮੌਜੂਦ ਹਨ, ਛੱਕੇ, ਛੰਤ ਅਤੇ ਪੌੜੀਆਂ ਆਦਿ ਹਨ ਤਾਂ ਕਿਉ ਨਾ ਵਿਆਹਾਂ ਨੂੰ ਬ੍ਰਾਹਮਣੀ ਜਕੜ 'ਚੋਂ ਕੱਢ ਕੇ ਸਿੱਧੇ ਸਾਦੇ ਢੰਗ ਨਾਲ ਆਪ ਹੀ ਕਰ ਲਿਆ ਜਾਏ। ਨਾਲ ਹੀ ਬਰਾਦਰੀਵਾਦ ਦੀਆਂ ਦੀਵਾਰਾਂ, ਜਿਨ੍ਹਾਂ ਭਾਰਤੀ ਸਮਾਜ ਨੂੰ ਬੁਰੀ ਤਰ੍ਹਾਂ ਵੰਡਿਆ ਹੋਇਆ ਸੀ ਤੇ ਵਰਣ ਭੇਦ ਦੀਆਂ ਵੰਡਾਂ ਤੋਂ ਲੈ ਕੇ ਅੰਦਰ ਹੀ ਅੰਦਰ ਹੋਰ ਛੋਟੀਆਂ ਛੋਟੀਆਂ ਘੁਰਨੀਆਂ ਨਾਲ ਤਕਸੀਮ ਕੀਤਾ ਹੋਇਆ ਸੀ, ਵੀ ਸਭ ਢਾਹ ਢੇਰੀ ਕਰਨ ਦਾ ਨਿਰਣਾ ਕੀਤਾ ਗਿਆ ।

ਜਦੋਂ ਇਸ ਪਰਕਾਰ ਦਾ ਵੈਸਾਖੀ ਦੇ ਦੀਵਾਨ ਵਿਚ ਐਲਾਨ ਹੋਇਆ ਤਾਂ ਉਤਸਾਹ ਦੀ ਇਹ ਸਿਖਰ ਸੀ ਕਿ ਬਾਰਾਂ ਪਰਵਾਰਾਂ ਨੇ ਉਸੇ ਵੇਲੇ ਆਪਣੇ ਆਪ ਨੂੰ ਪੇਸ਼ ਕਰ ਦਿਤਾ ਜਿਨਾਂ ਦੀਆਂ ਲੜਕੀਆਂ ਤੇ ਲੜਕੇ ਵਿਆਹੁਣ ਯੋਗ ਸਨ । ਸਭ ਤੋਂ ਪਹਿਲਾਂ ਪਿੰਡ ਧੂੜਕੋਟ ਜ਼ਿਲਾ ਫੀਰੋਜ਼ਪੁਰ ਦੇ

Sri Satguru Jagjit Singh Ji Elibrary NamdhariElibrary@gmail.com

ਭਾਈ ਜੋਗਾ ਸਿੰਘ ਨੇ ਆਪਣੀ ਲੜਕੀ ਦੀ ਸ਼ਾਦੀ ਸਤਿਗੁਰੂ ਰਾਮ ਸਿੰਘ ਜੀ ਦੀ ਇੱਛਾ ਅਨੁਸਾਰ ਕਰਨ ਦੀ ਬੇਨਤੀ ਕੀਤੀ । ਉਪਰੰਤ ਖੋਟੇ ਨਗਰ (ਫੀਰੋਜ਼ਪੁਰ) ਦੇ ਬਾਬਾ ਸਮੁੰਦ ਸਿੰਘ ਨੇ ਆਪਣੀ ਪੁੱਤਰੀ ਤੇ ਪੋਤਰੀ ਦੇ ਵਿਆਹ ਬਾਰੇ ਗੁਰੂ ਜੀ ਦੀ ਆਗਿਆ ਪਾਲਣ ਲਈ ਖੁਸ਼ੀ ਪ੍ਰਗਟ ਕੀਤੀ। ਭਾਈ ਜੋਗਾ ਸਿੰਘ ਜੀ ਨੇ ਧੂੜਕੋਟ ਵਿਖੇ ਅਨੰਦ-ਮੇਲਾ ਕਰਨ ਦੀ ਬੇਨਤੀ ਕੀਤੀ, ਪਰ ਸਮੁੰਦ ਸਿੰਘ ਜੀ ਨੇ ਨਾਲ ਆਏ ਹੋਰ ਸੱਜਣਾਂ ਨਾਲ ਸਲਾਹ ਮਸ਼ਵਰੇ ਪਿਛੋਂ ਸਤਿਗੁਰੂ ਜੀ ਨੂੰ ਕਹਿ ਕੀਤਾ ਕਿ ਇਹ ਪੁਰਾਣਾ ਵਿਆਹ-ਸਿਸਟਮ ਤੋੜ ਕੇ ਨਵੀਂ ਪਰਿਪਾਟੀ ਪਾਉਣ ਵਾਲਾ ਅਨੰਦ-ਮੇਲਾ ਉਹਨਾਂ ਦੇ ਪਿੰਡ ਖੋਟਾਂ ਹੀ ਕੀਤਾ ਜਾਵੇ। ਧੂੜ ਕੋਟ ਇਕ ਤਾਂ ਪਿੰਡ ਛੋਟਾ ਹੈ ਦੂਜੇ ਉਥੇ ਲੋੜੀਂਦੇ ਪ੍ਰਬੰਧ ਵੀ ਖਉਰੇ ਨਾ ਹੋ ਸਕਣ॥ ਖੋਟਿਆਂ ਵਾਲੇ ਤਾਂ ਸਾਧ ਸੰਗਤ ਅਤੇ ਜਾਵੀਆਂ-ਮਾਵੀਆਂ ਦੀ ਖੇਚਲ-ਖੱਬਲ ਵੀ ਝੱਲ ਲੈਣਗੇ ਅਤੇ ਹੋਰ ਵੀ ਔਖ-ਸੌਖ ਸਮੇਂ ਪਿੰਡ ਖੋਟਾ ਹੀ ਠੀਕ ਰਹੇਗਾ । ਨਾਲ ਦੇ ਪਿੰਡਾਂ ਦੇ ਨਾਮਧਾਰੀ ਵੀ ਏਸ ਸਮਾਗਮ ਤੇ ਹਰ ਤਰ੍ਹਾਂ ਇਮਦਾਦੀ ਹੋਣਗੇ। ਆਏ-ਗਏ ਦੀ ਸੇਵਾ ਕਰਨੀ ਵੀ ਸੁਖਾਲੀ ਹੋ ਜਾਵੇਗੀ ।

ਪਿੰਡ ਖੋਟਿਆਂ ਦਾ ਅਨੰਦ-ਮੇਲਾ ਅੰਮ੍ਰਿਤਸਰ ਵੈਸਾਖੀ ਦੇ ਸਮੇਂ ਹੀ ਸਤਿਗੁਰੂ ਰਾਮ ਸਿੰਘ ਜੀ ਨੇ ਖੋਟਿਆਂ ਵਿੱਚ ਅਨੰਦ-ਮੇਲਾ ਕਰਨ ਦੀ ਆਗਿਆ ਦੇ ਦਿਤੀ ਤੇ ਦਿਨ ਮੁਕੱਰਰ ਕਰ ਦਿੱਤਾ । ਜੇਠ ਸੁਦੀ 10, 1920 ਬਿ: 3 ਜੂਨ 1863)। ਵੈਸਾਖੀ ਤੋਂ ਪਿੰਡਾਂ ਨੂੰ ਪਰਤਦੇ ਨਾਮਧਾਰੀਆਂ ਨੇ ਸਮਾਜ ਸੁਧਾਰ ਦੀ ਇਸ ਨਵੀਂ ਰੀਤੀ ਦਾ ਜ਼ਿਕਰ ਆਪਣੇ ਆਪਣੇ ਇਲਾਕਿਆਂ ਵਿੱਚ ਖੂਬ ਕੀਤਾ। ਪਿੰਡ ਪਿੰਡ ਖਬਰ ਧੁੰਮ ਗਈ ਕਿ ਕੂਕੇ ਨਵੇਂ ਢੰਗ ਦੇ ਵਿਆਹ ਕਰਨ ਲਗੇ ਹਨ। ਬ੍ਰਾਹਮਣਾਂ ਤੋਂ ਬਿਨਾਂ ਆਪੇ ਹੀ ਸਾਹੇ ਸੋਧ ਕੇ ਆਪੇ ਹੀ ਵਿਆਹ ਕਰਨਗੇ।

ਏਧਰ ਬਾਬਾ ਸਮੁੰਦ ਸਿੰਘ ਤੇ ਹੋਰ ਨਾਮਧਾਰੀਆਂ ਨੇ ਰਸਤ-ਬਸਤ ਇਕੱਤਰ ਕਰਨ ਤੋ ਬਿਨਾਂ ਲੋਕ ਰਾਇ ਬਣਾਣ ਦੀ ਕੋਸ਼ਸ਼ ਵੀ ਕੀਤੀ ਅਤੇ ਹਰ ਤਰ੍ਹਾਂ ਦਾ ਪ੍ਰਬੰਧ ਕਰ ਲਿਆ ਕਿ ਅਨੰਦ ਕਾਰਜਾਂ ਵਿਚ ਕਿਸੇ ਤਰ੍ਹਾਂ ਦਾ ਵਿਘਨ ਨਾ ਪਵੇ, ਪਰ ਬਾਬਾ ਜੀ ਦੇ ਆਪਣੇ ਤੇ ਹੋਰ ਵੱਡੇ ਘਰਾਣਿਆਂ ਦੇ ਬ੍ਰਾਹਮਣਾਂ ਨੇ ਆ ਕੇ ਬਾਬਾ ਜੀ ਨੂੰ ਡਰਾਇਆ ਧਮਕਾਇਆ : **(1)** ਪਹਿਲਾਂ ਤਾਂ ਬ੍ਰਾਹਮਣੀ ਢੰਗ ਤੋਂ ਬਾਹਰੇ ਕੋਈ ਵਿਆਹ, ਵਿਆਹ ਹੀ ਨਹੀਂ ਹੋਣਗੇ ਕਿਉਂਕਿ ਸ਼ਾਸਤਰ ਮਰਿਆਦਾ ਅਦਾ ਕਰਨ ਤੋ ਬਿਨਾਂ ਲੜਕੀ ਲੜਕੇ ਦਾ ਵਿਆਹ ਹੋ ਹੀ ਨਹੀਂ ਸਕਦਾ । ਜੋ ਵੀ ਤਰੀਕਾ ਵਰਤਿਆ ਜਾਵੇਗਾ ਉਹ ਗੈਰ ਕਾਨੂੰਨੀ ਹੋਵੇਗਾ ।ਜੇ ਅਜਿਹੇ ਵਿਆਹ ਤੋਂ ਕੋਈ ਸੰਤਾਨ ਹੋਈ ਤਾਂ ਉਹ ਵੀ ਕਾਨੂੰਨੀ ਨਹੀਂ ਹੋਵੇਗੀ ।
(2) ਦੂਸਰੇ, ਤੁਹਾਡੀ ਇਹ ਨਿਰਾਲੀ ਰੀਤ ਸਾਡੀ ਸਾਰੀ ਬਰਾਦਰੀ ਨਾਲ ਅਨਿਆਇ ਹੋਵੇਗਾ । ਇਸ ਤਰ੍ਹਾਂ, ਜੇ ਸਿੱਖਾਂ ਨੇ ਸਾਥੋਂ ਵਿਆਹ ਕਰਵਾਣੇ ਬੰਦ ਕਰ ਦਿਤੇ ਤਾਂ
ਅਸੀਂ ਖਾਵਾਂਗੇ ਕਿਥੋਂ ? ਸਾਡਾ ਤਾਂ ਨਿਰਬਾਹ ਹੀ ਜਜਮਾਨਾਂ ਦੇ ਸਿਰ ਉਤੇ ਹੈ ।
(3) ਤੀਜੇ, ਜੇ ਤੁਸੀਂ ਨਵੇਂ ਢੰਗ ਦੇ ਵਿਆਹ ਕਰਨ ਤੇ ਬਜ਼ਿਦ ਹੀ ਹੋਏ ਤਾਂ ਅਸੀਂ ਤੁਹਾਡੇ ਸਿਰ ਚੜ੍ਹ ਕੇ ਮਰ ਜਾਵਾਂਗੇ ਤੇ ਬ੍ਰਹਮ ਹੱਤਿਆ ਦਾ ਪਾਪ ਤੁਹਾਨੂੰ ਤੇ ਤੁਹਾਡੇ ਗੁਰੂ ਨੂੰ ਲਗੇਗਾ।

ਪਰਸਪਰ ਗੱਲਾਂ-ਬਾਤਾਂ ਤੇ ਸਮਝ-ਸਮਝਾਈ ਤਾਂ ਚੱਲਦੀ ਰਹੀ, ਪਰ ਕੋਈ ਧਿਰ ਵੀ ਟੱਸ ਤੋਂ ਮੱਸ ਨਾ ਹੋਈ।

ਵੈਸਾਖੀ ਤੋ ਹਟਦਿਆਂ ਹੋਇਆਂ ਸਤਿਗੁਰੂ ਜੀ ਆਪਣੇ ਜਥੇ ਸਮੇਤ ਜਲੰਧਰ ਅਤੇ ਕਪੂਰਥਲਾ (ਉਦੋਂ ਰਿਆਸਤ) ਜ਼ਿਲਿਆਂ 'ਚੋਂ ਗੁਰਮਤ ਪਰਚਾਰ ਕਰਦੇ ਫਿਰੋਜ਼ਪੁਰ ਜ਼ਿਲੇ ਵਿਚ ਆ ਗਏ ਤੇ ਮਿਥੇ ਹੋਏ ਦਿਨ 2 ਜੂਨ 1863 ਨੂੰ ਖੋਟੇ ਨਗਰ ਵਿਚ ਪਹੁੰਚ ਗਏ। ਨਾਮਧਾਰੀਆਂ ਨੇ ਬਾਬਾ ਸਮੁੰਦ ਸਿੰਘ ਦੀ ਜ਼ਬਾਨੀ ਸਾਰੀ ਹਾਲਤ ਦੱਸੀ।

ਸਤਿਗੁਰੂ ਜੀ ਨੇ ਆਪਣੇ ਸਿੱਖਾਂ ਦੀ ਤਾਕਤ ਵੀ ਹੋਲੀ ਤੇ ਵਿਆਹ ਦੀ ਥਾਂ ਤੇ ਆਨੰਦ ਕਾਰਜ ਕਰਨ ਵਾਲੇ ਅਗਵਾਈ ਯੋਗ ਨਾਮਧਾਰੀਆਂ ਨੂੰ ਵੀ ਟੋਹਿਆ। ਏਥੇ ਛੇ ਜੋੜਿਆਂ ਦੇ ਆਨੰਦ ਕਾਰਜ ਹੋਣੇ ਸਨ। ਲੜਕੀਆਂ ਅਤੇ ਲੜਕਿਆਂ ਵਾਲੇ ਪੂਰੀ ਤਿਆਰੀ ਵਿੱਚ ਆਏ ਹੋਏ ਸਨ। ਸਮਝੋ ਛੇ ਜੰਞਾਂ ਸੁਭਾਵਕ ਤੌਰ 'ਤੇ ਇਕੋ ਪਿੰਡ ਢੁੱਕੀਆਂ ਹੋਈਆਂ ਸਨ, ਪਰ ਇਹ ਜੰਞਾਂ ਗੁਰਮੁਖਾਂ ਦੀਆਂ ਸਨ ਜਿਨ੍ਹਾਂ ਵਾਸਤੇ ਗੁਰੂ ਕੇ ਲੰਗਰੋ ਵਾਧੂ ਕਿਸੇ ਉਚੇਚ ਦੀ ਲੋੜ ਨਹੀਂ ਸੀ ਅਤੇ ਜਿਨ੍ਹਾਂ ਵਿਛੇ ਹੋਏ ਮੰਜਿਆਂ-ਪਲੰਘਾਂ ਦੀ ਥਾਂ ਪਰਾਲੀ ਉਤੇ ਵਿਛਾਈਆਂ ਕਰ ਕੇ ਹੀ ਆਰਾਮ ਕਰ ਲੈਣਾ ਸੀ। ਜਿਨ੍ਹਾਂ ਸ਼ਰਾਬ ਪੀ ਕੇ ਗੰਦ-ਮੰਦ ਨਹੀਂ ਸੀ ਬੋਲਣਾ ਸਗੋਂ ਭਜਨ ਕਰਨਾ ਤੇ ਗੁਰਬਾਣੀ ਦੇ ਸ਼ਬਦ ਪੜ੍ਹਦਿਆਂ ਹੀ ਸਮੇਂ ਨੂੰ ਸੁਭਾਇਮਾਨ ਕਰਨਾ ਸੀ।

ਵਿਆਹਾਂ ਨੂੰ ਆਨੰਦ ਕਾਰਜਾਂ ਦੇ ਰੂਪ ਵਿੱਚ ਬਦਲਿਆ ਜਾਣ ਦੀ ਪਹਿਲੀ ਰਸਮ ਅਦਾ ਹੋਣ ਮਾਹੌਲ ਵਿੱਚ ਕਾਫੀ ਗਰਮ ਆ ਗਈ। ਪਿੰਡ ਦੇ ਲੋਕ ਅਤੇ ਬਾਹਰੋਂ ਆ ਜੁੜੇ ਤਮਾਸ਼ਬੀਨ ਭਾਂਤ ਸੁਭਾਤੀਆਂ ਗੱਲਾਂ ਕਰ ਰਹੇ ਸਨ। ਏਧਰ ਬ੍ਰਾਹਮਣ ਬਰਾਦਰੀ ਦੇ ਭਾ ਦੀਆਂ ਬਣੀਆਂ ਹੋਈਆਂ ਸਨ । ਉਹਨਾਂ ਨੂੰ ਕੋਈ ਸਮਝ ਨਹੀਂ ਸੀ ਆ ਰਹੀ ਕਿ ਉਹ ਇਸ ਰੀਤੀ-ਭੰਗ ਨੂੰ ਹੋੜਨ ਲਈ ਕੀ ਹੀਲਾ ਵਸੀਲਾ ਵਰਤਣ । ਤਾਂ ਵੀ ਉਹ ਮੂੰਹ ਆਈਆਂ ਕਰਨ-ਕਰਾਣ ਲਗੇ ਅਤੇ ਸੜ-

Sri Satguru Jagjit Singh Ji Elibrary NamdhariElibrary@gmail.com

ਮਰਨ ਤੱਕ ਦੇ ਡਰਾਵੇ ਦੇਂਦੇ ਗਲੀਆਂ ਵਿਚ ਘੁੰਮਣ ਲੱਗੇ ।

ਨਾਮਧਾਰੀ ਸਮੁੱਚੇ ਤੌਰ 'ਤੇ ਉਤਸ਼ਾਹ ਵਿਚ ਸਨ ਕਿਉਂ ਕਿ ਜਿਵੇਂ ਉਹ ਪਿਛਲੇ ਛਿਆਂ ਸਾਲਾਂ ਤੋਂ ਇਕ ਤੋਂ ਅਨੇਕ ਹੁੰਦੇ ਚਲੇ ਆ ਰਹੇ ਸਨ ਤੇ ਸਭ ਆਲ-ਜੰਜਾਲ ਛਾਂਗਦੇ ਚਲੇ ਜਾ ਰਹੇ ਸਨ ਇਸ ਗੱਲ ਨੇ ਉਹਨਾਂ ਦੇ ਹੌਸਲੇ ਕਾਫੀ ਉਚੇ ਕੀਤੇ ਹੋਏ ਸਨ ਅਤੇ ਨਾਲੇ ਉਹ ਸਮਝਦੇ ਸਨ ਕਿ ਉਹਨਾਂ ਦੀ ਆਪਣੀ ਸੰਗਤ ਵਿਚ ਜੋ ਵੀ ਤਬਦੀਲੀਆਂ ਵਾਪਰਨ, ਇਹਨਾਂ ਨਾਲ ਕਿਸੇ ਨੂੰ ਕੀ ।

ਸਤਿਗੁਰੂ ਰਾਮ ਸਿੰਘ ਜੀ ਦੇ ਉੱਦਮ ਅਤੇ ਪ੍ਰੇਰਣਾ ਨਾਲ ਨਾਮਧਾਰੀਆਂ ਨੇ ਹੁਣ ਤਕ ਪੰਜਾਬ ਦੇ ਅਨੇਕਾਂ ਪਿੰਡਾਂ ਦੀਆਂ ਧਰਮਸ਼ਾਲਾਵਾਂ ਵਿੱਚੋਂ ਗ੍ਰੰਥੀ ਸਿੰਘਾਂ ਵਲੋਂ ਬੇਪਰਵਾਹੀ ਕਾਰਨ ਸਿਉਂਕ - ਖਾਧੀਆਂ ਆਦਿ ਬੀੜਾਂ ਨੂੰ ਉਠਾ ਕੇ, ਸਾਫ ਕਰ ਕੇ ਲੋਕਾਂ ਨੂੰ ਗੁਰਬਾਣੀ ਦਾ ਅਦਬ ਤੇ ਪਾਠ ਕਰਨਾ ਸਿਖਾਇਆ ਸੀ । ਉਸ ਸਮੇਂ ਛਾਪੇ ਦੀਆਂ ਬੀੜਾਂ ਤਾਂ ਹੈ ਹੀ ਨਹੀਂ ਸਨ । ਬੜੀ ਮੁਸ਼ਕਲ ਨਾਲ ਕੁਝ ਲੋਕ ਹੱਥੀਂ ਲਿਖ ਕੇ ਗੁਰਬਾਣੀ ਦੀਆਂ ਪੋਥੀਆਂ ਤਿਆਰ ਕਰਦੇ ਅਤੇ ਫਿਰ ਮੁਨਾਸਬ ਭੇਟਾ ਲੈ ਕੇ ਪਿੰਡ ਵਾਲਿਆਂ ਜਾਂ ਗੁਰੂ ਸਵਾਰੇ ਪ੍ਰੇਮੀਆਂ ਨੂੰ ਦੇ ਦਿੰਦੇ । ਪਰ ਪਿਛਲੇ 20-25 ਸਾਲ ਦੇ ਦੌਰਾਨ ਸਿੱਖੀ ਦੀ ਪਤਨ ਵਲ ਜਾਂਦੀ ਹਾਲਤ ਨੇ ਗੁਰਬਾਣੀ ਵਲੋਂ ਸਿਖਰ ਦੀ ਬੇਧਿਆਨੀ ਕਰ-ਕਰਵਾ ਦਿਤੀ ਸੀ ।

ਗੁਰੂ ਰਾਮ ਸਿੰਘ ਜੀ ਨੇ ਨਾਮਧਾਰੀਆਂ ਨੂੰ, ਜੋ ਗੁਰਮੁਖੀ ਅੱਖਰ ਜਾਣਦੇ ਸਨ, ਪੰਜ ਪੱਤਰੇ ਰੋਜ਼ਾਨਾ ਨੇਮ ਨਾਲ ਪੜ੍ਹਨ ਦੀ ਪਰਿਪਾਟੀ ਚਲਾਈ ਤੇ ਅਨਪੜਾਂ ਨੂੰ ਗੁਰਮੁਖੀ ਅੱਖਰ ਪੜਨੇ ਜ਼ਰੂਰੀ ਕਰ ਦਿੱਤੇ। ਇਸ ਲਈ ਨਾਮਧਾਰੀਆਂ ਨੂੰ ਸ੍ਰੀ ਆਦਿ ਗਰੰਥ ਦੀ ਬਾਣੀ ਦਾ ਸਾਰ-ਤੱਤ ਅਤੇ ਪੜ੍ਹਨ ਪੜ੍ਹਾਣ ਆਉਂਦਾ ਸੀ ।

ਨਾਮਧਾਰੀਆਂ ਨੂੰ ਗੁਰਬਾਣੀ ਦਾ ਪਾਠ ਤੇ ਗੁਰੂ ਦੀ ਹੋਂਦ ਇਕ ਅਜਿਹੀ ਸਮੱਗਰੀ ਮਿਲ ਗਈ ਸੀ ਕਿ ਉਹਨਾਂ ਦੇ ਜੀਵਨ ਵਿੱਚ ਖੁਲ੍ਹ-ਖੁਲ੍ਹ ਜਾਂਦੀਆਂ। ਉਹਦੇ ਸ਼ਬਦਾਂ ਦਾ ਭਾਵ-ਅਰਥ, ਉਹਦੀ ਬੋਲੀ ਦੀ ਮਿਠਾਸ ਅਤੇ ਆਤਮ ਪ੍ਰਮਾਤਮ ਦੇ ਭੇਦ ਮਿਟਾਣ ਵਾਲੀ ਵਿਆਖਿਆ - ਇਹ ਸਭ ਚੀਜ਼ਾਂ ਉਹਨਾਂ ਨੂੰ ਪਿਉ-ਦਾਦੇ ਦਾ ਗੁਪਤ ਖਜ਼ਾਨਾ ਦਰਸਾਂਦੀਆਂ ਸਨ ਅਤੇ ਅੱਜ ਗੁਰਬਾਣੀ ਦੀਆਂ ਲਾਵਾਂ ਨਾਲ ਵਿਆਹ - ਕਾਰਜ ਨੇ ਅਨੰਦ-ਕਾਰਜ ਵਿਚ ਬਦਲ ਜਾਣਾ ਸੀ। ਸਿੱਖਾਂ ਅੰਦਰ ਵਿਸ਼ੇਸ਼ ਚਾਉ ਸੀ ਕਿ ਦੂਜੇ ਪਾਸੇ ਬ੍ਰਾਹਮਣਾਂ ਵਾਸਤੇ ਕਾਫੀ ਪਰੇਸ਼ਾਨੀ ਸੀ। ਉਹਨਾਂ ਨੰਬਰਦਾਰਾਂ, ਜ਼ੈਲਦਾਰਾਂ ਤੇ ਸਫੈਦਪੋਸ਼ਾਂ ਆਦਿ ਦੀ ਮਦਦ ਲਈ, ਪਰ ਸਮੁੱਚੇ ਤੌਰ 'ਤੇ ਸਤਿਗੁਰੂ ਅਤੇ ਸੰਗਤ ਦਾ ਅਜਿਹਾ ਪ੍ਰੰਨ ਪਰਤਾਪ ਸੀ ਕਿ ਕਿਸੇ ਦੀ ਦਾਲ ਗਲਦੀ ਨਹੀਂ ਸੀ ਜਾਪਦੀ।

3 ਜੂਨ, 1863

ਤਿੰਨ ਵਜੇ ਤੜਕੇ ਹੀ ਖੋਟਿਆਂ ਪਿੰਡ ਦੇ ਖੂਹਾਂ 'ਤੇ ਰੌਣਕ ਲਗ ਗਈ । ਭੌਣੀਆਂ-ਡੋਲ ਖੜਕਣ ਲੱਗੇ । ਜਲ ਪਰਮੇਸ਼ਰ ਦੇ ਗੜਵੇ ਸਿਰਾਂ ਵਿਚ ਉਲੱਦਦਿਆਂ ਹੀ ਨਾਮਧਾਰੀਆਂ ਵਲੋਂ '੧ੴ ਸਤਿਨਾਮੁ ਕਰਤਾ ਪੁਰਖੁ, ਨਿਰਭਉ, ਨਿਰਵੈਰੁ' ਸ਼ੁਰੂ ਹੋ ਜਾਂਦਾ ਤੇ ਜਿਨ੍ਹਾਂ ਨੂੰ ਬਾਣੀ ਨਹੀਂ ਸੀ ਪੜ੍ਹਨੀ ਆਉਂਦੀ ਉਹ ਚੁਅੱਖਰੇ ਭਜਨ ਲਈ ਮੂੰਹ ਹਿਲਾਣ ਲਗ ਪੈਂਦੇ।

ਇਸ ਵੇਲੇ ਗੁਰਬਾਣੀ ਦੀਆਂ ਇਹ ਤੁਕਾਂ ਰੂਪਮਾਨ ਹੋ ਰਹੀਆਂ ਸਨ :

ਭਿੰਨੀ ਰੈਨੜੀਏ ਚਾਮਕਨਿ ਤਾਰੇ ॥
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥
ਰਾਮ ਪਿਆਰੇ ਸਦਾ ਜਾਗਹਿ
ਨਾਮੁ ਸਿਮਰਹਿ ਅਨਦਿਨੋ ॥
ਚਰਨ ਕਮਲ ਧਿਆਨੁ ਹਿਰਦੈ
ਪ੍ਰਭ ਬਿਸਰੁ ਨਾਹੀ ਇਕੁ ਖਿਨੋ॥

ਆਸਾ ਦੀ ਵਾਰ ਦੇ ਕੀਰਤਨ ਲਈ ਜਿਹੜਾ ਥਾਂ ਮੁਕੱਰਰ ਸੀ, ਇਸ਼ਨਾਨ ਕਰ ਕਰ ਸੰਗਤਾਂ ਉਥੇ ਆਉਣ ਅਤੇ ਆਦਰ ਪੂਰਵਕ, ਕੀਰਤਨੀਆਂ ਨੂੰ ਸਿਰ ਝੁਕਾ ਕੇ, ਮੁਨਾਸਬ ਜਗਹ ਤੇ ਬੈਠਣ ਲਗੀਆਂ। ਦੀਵਾਨ ਵਿਚ ਇਕ ਪਾਸੇ ਰਾਗੀ ਸੱਜਣ ਆਸਾ ਦੀ ਵਾਰ ਦਾ ਸਵੇਰ ਦੇ ਰਾਗਾਂ ਵਿਚ ਗਾਇਨ ਕਰ ਰਹੇ ਸਨ ਦੂਜੇ ਪਾਸੇ ਗੁਰੂ ਰਾਮ ਸਿੰਘ ਜੀ ਦਾ ਆਸਣ ਵਿਛ ਗਿਆ। ਸਮੇਂ ਸਿਰ ਸਤਿਗੁਰੂ ਰਾਮ ਸਿੰਘ ਜੀ ਵੀ ਜੈਕਾਰਿਆਂ ਦੀ ਧੁਨ ਵਿਚ ਦੀਵਾਨ ਸਥਾਨ ਪਹੁੰਚ ਗਏ। ਆਪਦੇ ਆਸਣ 'ਤੇ ਸੁਸ਼ੋਭਤ ਹੁੰਦਿਆਂ ਹੀ ਸੇਵਕ ਸਿੱਖ ਭੇਟਾ ਧਰ ਧਰ ਨਮਸਕਾਰ ਕਰਨ ਲਗੇ।ਗੁਰਬਾਣੀ ਦਾ ਕੀਰਤਨ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ, ਗੁਰਬਾਣੀ ਦੀ ਸਾਰ ਜਾਣਨ ਵਾਲੇ ਸੁਣਦੇ ਵੇਖਦੇ ਝੂਮ-ਝੂਮ ਉਠਦੇ। ਬਸ ਪੰਡਾਲ ਵਿਚ ਸਤਿਗੁਰੂ ਜੀ ਅਤੇ ਸੰਗਤ ਦੇ ਵਿਚਕਾਰਲੇ ਖੁਲ੍ਹੇ ਥਾਂ ਵਿਚ ਇਕ ਜਗਹ ਹਵਨ-ਕੁੰਡ ਬਣਵਾਇਆ ਗਿਆ। ਸੁਚੇ, ਸਫੈਦ ਬਸਤਰਾਂ ਵਿਚ ਇਸ਼ਨਾਨ ਕੀਤੇ ਸੱਤ ਸਿੰਘ ਕਮਰ ਕੱਸੇ ਲਈ ਕੁੰਡ ਦੁਆਲੇ ਘਾਹ-ਪਰਾਲੀ ਆਦਿ ਵਿਛਾ ਕੇ ਆਸਣਾਂ ਉਪਰ ਬੈਠ ਕੇ ਅੰਮ੍ਰਿਤ ਅਤੇ ਹਵਨ ਦੀਆਂ ਬਾਣੀਆਂ ਪੜ੍ਹਨ ਲਗੇ। ਵਿਆਹ-ਢੰਗ ਨੂੰ ਅਨੰਦ ਕਾਰਜ ਵਿਚ ਬਦਲਣ ਲਈ ਹਵਨ ਕਰਨ ਦੀ ਮਰਿਆਦਾ ਨੂੰ ਸੋਧ ਲਿਆ ਗਿਆ । ਵੇਦ ਮੰਤਰਾਂ ਦੀ ਥਾਏਂ (1) ਚਉਪਈ ਪਾਤਸ਼ਾਹੀ 10: ਪੁਨਿ ਰਾਛਸ ਕਾ ਕਾਟਾ ਸੀਸਾ, (2) ਜਪੁ (3) ਜਾਪੁ (ਪਾ:10), (4) ਚੰਡੀ ਚਰਿਤਰ (ਪਾ:10) (5) ਅਕਾਲ ਉਸਤਤ ਬਾਣੀਆਂ ਪੜ੍ਹੀਆਂ ਗਈਆਂ । ਛੇਵਾਂ ਸਰੀਰ, ਬੇਰੀ ਦੀਆਂ ਜਾਂ ਪਲਾਹ

Sri Satguru Jagjit Singh Ji Elibrary NamdhariElibrary@gmail.com

ਦੀਆਂ ਛੋਟੀਆਂ-ਛੋਟੀਆਂ ਕੀਤੀਆਂ ਲੱਕੜਾਂ ਹਵਨ ਕੁੰਡ ਵਿਚ ਟਿਕਾ ਉਪਰ ਸਮੱਗਰੀ ਦੀਆਂ ਅਹੂਤੀਆਂ ਪਾਉਂਦਾ ਤੇ ਸੱਤਵਾਂ ਸੁਚੇ ਜਲ ਦਾ ਛੱਟਾ ਦੇ ਕੇ ਅਗਨੀ ਨੂੰ ਭੜਕਾਂਦਾ। ਇਹ ਦੋਵੇਂ ਸਿੰਘ ਚੁਅੱਖਰਾ ਭਜਨ ਕਰਦੇ ਕਰਦੇ ਆਪਣੀ ਡਿਊਟੀ ਨਿਭਾਂਦੇ।

ਸਾਰਾ ਵਾਤਾਵਰਣ ਖੁਸ਼ਬੂਦਾਰ ਹੋ ਗਿਆ ਕਿਉਂ ਕਿ ਹਵਨ ਵਿਚ ਪੈ ਰਹੀ ਸਮੱਗਰੀ ਵਿਚ ਸਾਰੀਆਂ ਵਸਤਾਂ ਦੀ ਸੁਗੰਧੀ ਐਸੀ ਸੀ ਜੋ ਅਗਨੀ ਦੁਆਰਾ ਜਲਦਿਆਂ ਆਲੇ ਦੁਆਲੇ ਅਤੇ ਅਕਾਸ਼ ਮੰਡਲ ਅੰਦਰ ਇਕ ਸ਼ੁਧਤਾ ਸੰਚਾਰ ਕਰ ਰਹੀ ਸੀ । (ਹਵਨ ਸਮੱਗਰੀ ਵਿਚ ਹੇਠ ਲਿਖੀਆਂ ਚੀਜ਼ਾਂ ਸੰਭਵ ਮਿਕਦਾਰ ਵਿੱਚ ਪਾਈਆਂ : ਚੰਦਨ, ਸੁਰਖ, ਚੰਦਨ ਸਫੈਦ, ਛੜ, ਮੁਥਰਾ, ਇੰਦਰ ਜੌ, ਭੋਜ ਪੱਤਰ, ਸੁਪਾਰੀ, ਦਾਖ, ਛੁਹਾਰੇ, ਖੋਪਾ ਗਰੀ, ਬਾਦਾਮ, ਗੁਗਲ, ਕੇਸਰ, ਮੁਸ਼ਕ ਕਾਫੂਰ, ਲੌਂਗ, ਤਿਲ ਦੇਸੀ ਜੌਂ, ਕਸਤੂਰੀ, ਸੰਧੂਰ, ਇਲਾਇਚੀ ਛੋਟੀ, ਘਿਉ ਅਤੇ ਖੰਡ) ।

ਦਰਸ਼ਕਾਂ ਉਤੇ ਇਸ ਮਰਿਆਦਾ ਦਾ ਵੱਖ-ਵੱਖ ਪ੍ਰਭਾਵ ਪੈ ਰਿਹਾ ਸੀ । ਸਾਤਵਿਕ ਲੋਕਾਂ ਨੂੰ ਇਹ ਸਭ ਕੁਝ ਸਤਿਜੁਗੀ, ਦੈਵੀ ਤੇ ਪਿਆਰਾ-ਪਿਆਰਾ ਲਗਦਾ ਸੀ। ਰਾਜਸੀ ਲੋਕਾਂ ਨੂੰ ਇਸ ਸਭ ਕਾਸੇ ਪਿਛੇ ਕੋਈ ਚਾਲ ਛਿਪੀ ਹੋਈ ਜਾਪਦੀ ਸੀ, ਪਰ ਤਾਮਸੀ ਲੋਕਾਂ ਨੂੰ ਇਹ ਨਜ਼ਾਰਾ ਪਖੰਡ ਪੂਰਣ ਲੱਗ ਰਿਹਾ ਸੀ ਅਤੇ ਉਹ ਈਰਖਾ ਨਾਲ ਵੀ ਸੜ ਰਹੇ ਸਨ। ਸਵੇਰ ਦਾ ਸੁਹਾਵਣਾ ਤੇ ਸੁਖਦਾਈ ਸਮਾਂ ਬ੍ਰਾਹਮਣਾਂ ਦੇ ਅੰਦਰ ਕਰੋਧ ਦੇ ਭਾਂਬੜ ਬਾਲ-ਬਾਲ ਪਰਚੰਡ ਕਰ ਰਿਹਾ ਸੀ ।

ਸੂਰਜ-ਦਰਸ਼ਨ ਹੁੰਦਿਆਂ ਹੀ ਆਸਾ ਦੀ ਵਾਰ ਦੀ ਸਮਾਪਤੀ ਹੋ ਗਈ। ਤਦ ਤੱਕ ਸ੍ਰੀ ਆਦਿ ਗਰੰਥ ਜੀ ਦੀ ਬੀੜ ਵੀ ਲੈ ਆਂਦੀ ਗਈ ਅਤੇ ਛੇ ਜੋੜੇ, ਅਨੰਦ ਕਾਰਜ ਹੋਣ ਵਾਲੇ ਬੱਚਿਆਂ ਦੇ ਵੀ ਸਫੈਦ ਵਿਛਾਈ ਕੀਤੀ ਹੋਈ ਜਗਹ ਤੇ ਆ ਬੈਠੇ। ਤਦੇ ਖਬਰ ਜੁ ਗੁੱਸੇ ਵਿਚ ਆਏ ਪੰਜ-ਸੱਤ ਬ੍ਰਾਹਮਣ ਵੀ ਰੌਲਾ-ਰੱਪਾ ਪਾਂਦੇ ਹੋਏ ਦੀਵਾਨ ਸਥਾਨ ਵਿਚ ਆ ਗਏ । ਸਿੱਖਾਂ ਰੋਕਿਆ : ਦਰਸ਼ਨ ਕਰੋ, ਪਰ ਖੱਪ ਨਾ ਪਾਉ ।

ਉਹ ਮੱਤੇ ਹੋਏ ਪੰਡਾਲ ਦੇ ਦਰਮਿਆਨ ਆ ਗਏ । ਸੰਗਤ ਸ਼ਾਂਤ ਸੁਣ ਵੇਖ ਰਹੀ ਸੀ । ਵਿਆਹ ਕਰਵਾਣ ਵਾਲੇ ਜੋੜੇ ਉਤਸੁਕ ਸਨ । ਜਾਂਞੀ ਹਰ ਹਾਲਤ ਦਾ ਟਾਕਰਾ ਕਰਨ ਲਈ ਤਿਆਰ ਸਨ । ਸਤਿਗੁਰੂ ਜੀ ਅਗੇ ਫਰਿਆਦ ਹੋਈ :

'ਤੁਸੀਂ ਸਾਡਾ ਅੱਗਾ ਕਿਉਂ ਮਾਰਨ ਲਗੇ ਹੋ । ਜੇ ਲੋਕਾਂ ਨੇ ਇਕ ਇਕ ਕਰ ਕੇ ਸਾਡੇ ਕਰਨ ਵਾਲੇ ਕਾਰਜ ਆਪ ਹੀ ਕਰਨੇ ਸ਼ੁਰੂ ਕਰ ਦਿੱਤੇ ਤਾਂ ਸਾਡੀ ਰੋਟੀ ਦਾ ਕੀ ਬਣੇਗਾ ?''

ਸਤਿਗੁਰੂ ਜੀ ਨੇ ਸਮਝਾਇਆ : ਸਜਣੋ ! ਤੁਸੀਂ ਬ੍ਰਾਹਮਣ ਆਪਣੇ ਉਤਮ ਕਰਮਾਂ ਅਤੇ ਵਧੀਆ ਜੀਵਨ ਕਰ ਕੇ ਹੀ ਸਮਾਜ ਵਿਚੋਂ ਉਚੇ ਸਾਓ ਪਰ ਹੁਣ ਤਾਂ ਤੁਸੀਂ ਆਪ ਗਏ ਗੁਜ਼ਰੇ ਹੋ ਗਏ ਹੋ । ਸਾਨੂੰ ਤਾਂ ਗੁਰਬਾਣੀ ਦਸਦੀ ਹੈ :

ਸੋ ਬ੍ਰਾਹਮਣ ਜੋ ਬਿੰਦੈ ਬ੍ਰਹਮੁ॥
ਜਪੁ ਤਪੁ ਸੰਜਮੁ ਕਮਾਵੈ॥
ਕਰਮੁ ਸੀਲ ਸੰਤੋਖ ਕਾ ਰਖੈ ਧਰਮੁ॥
ਬੰਧਨ ਤੋੜੈ ਹੋਵੈ ਮੁਕਤੁ॥
ਸੋਈ ਬ੍ਰਹਮਣੁ ਪੂਜਣ ਜੁਗਤੁ ।
(ਸਲੋਕ ਵਾਰਾਂ ਤੇ ਵਧੀਕ)

ਤੁਸੀਂ ਹੁੱਕੇ ਪੀਂਦੇ ਹੋ । ਮਾਸ-ਸ਼ਰਾਬ ਤੁਹਾਡੇ ਘਰੀਂ ਵੀ ਆਣ ਵੜਿਆ ਹੈ । ਲੋਕਾਂ ਨੂੰ ਝੂਠੇ ਵਹਿਮਾਂ-ਭਰਮਾਂ ਵਿੱਚ ਪਾ ਕੇ ਫਜ਼ੂਲ ਜਿਹੇ ਰਸਮਾਂ-ਰਿਵਾਜ਼ਾਂ ਦੇ ਜੰਜਾਲ ਵਿੱਚ ਕਸ ਕੱਸ ਕੇ ਮਾਰਨ ਤੇ ਤੁਲੇ ਹੋਏ ਹੋ । ਹੁਣ ਤੁਹਾਡੀ ਪਹਿਲਾਂ ਜੇਹੀ ਥਾਂ ਕਿਵੇਂ ਰਹੇ ?

ਪਰ ਵਿਆਹ ਕਰਨੇ ਕਰਵਾਣੇ ਤਾਂ ਸਾਡੀ ਉਚ ਜਾਤੀ ਦੇ ਹਿੱਸੇ ਹੀ ਆਇਆ ਹੈ ਅਤੇ ਜੇ ਅਸੀਂ ਇਸ ਨੂੰ ਸ਼ਾਸਤਰੀ ਮਰਿਆਦਾ ਅਨੁਸਾਰ ਨਾ ਕਰੀਏ ਤਾਂ ਇਹ ਕਾਨੂੰਨੀ ਕਿਵੇਂ ਹੋ ਸਕਦੇ ਹਨ ? ਤੁਹਾਡੇ ਆਪੂੰ ਕੀਤੇ ਵਿਆਹ ਸਰਕਾਰੇ ਦਰਬਾਰੇ ਵੀ ਪਰਵਾਨ ਨਹੀਂ ਹੋ ਸਕਦੇ ।'' ਆਗੂ ਬ੍ਰਾਹਮਣਾਂ ਨੇ ਆਖਿਆ ।

'ਪੰਡਿਤ ਜੀ !

ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥
ਬ੍ਰਹਮੁ ਬਿੰਦੇ ਸੋ ਬਾਹਮਣੁ ਹੋਈ ॥
ਜਾਤਿ ਕਾ ਗਰਬੁ ਨ ਕਰ ਮੂਰਖ ਗਵਾਰਾ ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥
ਚਾਰੇ ਵਰਨ ਆਖੈ ਸਭੁ ਕੋਈ ॥
ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ ॥
(ਭੈਰਉ ਮ: 3)

ਸਤਿਗੁਰਾਂ ਤਾਂ ਸਾਨੂੰ ਇੰਜ ਹੀ ਦੱਸਿਆ ਹੈ । ਅਸੀਂ ਤੁਹਾਡੇ ਧਰਮ ਸ਼ਾਸਤਰ ਨਹੀਂ ਚੁੱਕੇ-ਚੁਰਾਏ । ਸਿੱਖ ਹੋਣ ਦੇ ਨਾਤੇ ਸਾਡਾ ਤਾਂ ਆਧਾਰ ਹੀ ਗੁਰਬਾਣੀ ਹੈ ਅਤੇ ਅਸਾਂ ਏਸੇ ਦੀਆਂ ਚਾਰ ਲਾਵਾਂ ਪੜ੍ਹ ਕੇ, ਵਿਆਹ ਨਹੀਂ, ਅਨੰਦ ਕਾਰਜ ਕਰਨੇ ਹਨ । ਤੁਹਾਡੇ ਕੀਤੇ ਵਿਆਹ ਝਮੇਲੇ ਹਨ, ਸਾਡੇ ਕੀਤੇ ਅਨੰਦ ਸਚਮੁੱਚ ਖੁਸ਼ੀ ਬਖਸ਼ਣ ਵਾਲੇ ਹੋਣਗੇ।

ਪਰ ਤੁਸੀਂ ਸਰਕਾਰ ਨੂੰ ਇਹ ਕਿਵੇਂ ਸਾਬਤ ਕਰ ਸਕੋਗੇ ਕਿ ਇਹ ਕਾਨੂੰਨੀ ਹਨ ।' ਬ੍ਰਾਹਮਣਾਂ ਦਾ ਹਠ ਇਕ ਨੇ ਸਪੱਸ਼ਟ ਕੀਤਾ ।

ਸਾਡੇ ਇਹ ਸਮੂਹਕ ਅਨੰਦ, ਸਾਧ ਸੰਗਤ ਦੇ ਰੂਬਰੂ, ਬੱਚਿਆਂ ਅਤੇ ਬੀਬੀਆਂ ਨੂੰ ਪਵਿੱਤਰ ਗ੍ਰਿਹਿਸਤ ਮਾਰਗ ਵਿਚ ਪ੍ਰਵੇਸ਼ ਕਰਵਾਣਗੇ । ਸਾਨੂੰ ਚਿੰਤਾ ਨਹੀਂ ਸਰਕਾਰ ਇਹਨਾਂ ਨੂੰ ਪਰਵਾਨ ਕਰਦੀ ਹੈ ਜਾਂ ਨਹੀਂ - ਸਾਡਾ ਸਮਾਜ ਇਹਨਾਂ ਨੂੰ ਪਰਵਾਨ ਕਰੇਗਾ । ਅੰਗਰੇਜ਼ ਸਰਕਾਰ ਨੂੰ ਅਸੀਂ ਆਪਣੇ ਰੀਤੀ

Sri Satguru Jagjit SIngh Ji Elibrary NamdhariElibrary@gmail.com

ਰਿਵਾਜਾਂ ਦੇ ਸੁਧਾਰ ਵਿਚ ਦਖਲ ਯੋਗ ਨਹੀਂ ਸਮਝਦੇ।

ਪਰ ਬ੍ਰਾਹਮਣਾਂ ਦੇ ਅੰਦਰ ਤਾਂ ਕਰੋਧ ਦੇ ਅਲੰਬੇ ਮੱਚ ਰਹੇ ਸਨ । ਉਹਨਾਂ ਦਾ ਖਿਆਲ ਸੀ ਸ਼ਾਇਦ ਗੁਰੂ ਮਹਾਰਾਜ ਉਹਨਾਂ ਦੀ ਬੇਨਤੀ 'ਤੇ ਪਤੀਜ ਜਾਣਗੇ । ਹੁਣ ਜਦੋਂ ਉਹਨਾਂ ਵੇਖਿਆ ਕਿ ਇਹ ਟਲਣ ਵਾਲੇ ਨਹੀਂ ਤਾਂ ਬ੍ਰਾਹਮਣਾਂ ਆਖਰੀ ਪੱਤਾ ਦਾਅ ਤੇ ਲਾਇਆ :

ਚੰਗਾ ਫਿਰ, ਅਸੀਂ ਤੁਹਾਡੇ ਸਾਹਮਣੇ ਹੀ ਪ੍ਰਾਣ ਤਿਆਗ ਦਿਆਂਗੇ ਅਤੇ ਤੁਹਾਨੂੰ ਬ੍ਰਹਮ ਹੱਤਿਆ ਦਾ ਪਾਪ ਲਗੇਗਾ ।

ਸਤਿਗੁਰੂ ਜੀ ਨੇ ਫੇਰ ਧੀਰਜ ਨਾਲ ਆਖਿਆ :

ਮਨ ਕੀ ਪਤੀ ਵਾਚਣੀ ਸੁਖੀ ਹੂ ਸੁਖ ਸਾਰ॥
ਸੋ ਬ੍ਰਾਹਮਣੁ ਭਲਾ ਆਖੀਐ ਜਿ ਬੂਝੈ ਬ੍ਰਹਮੁ ਬੀਚਾਰੁ ॥
ਹਰਿ ਸਾਲਾਹੇ ਹਰਿ ਪੜੇ ਗੁਰ ਕੈ ਸਬਦਿ ਵੀਚਾਰਿ॥
ਆਇਆ ਓਹੁ ਪਰਵਾਣੁ ਹੈ ਜਿ ਕੁਲ ਕਾ ਕਰੇ ਉਧਾਰੁ॥
ਅਗੈ ਜਾਤਿ ਨਾ ਪੁਛੀਐ, ਕਰਣੀ ਸਬਦੁ ਹੈ ਸਾਰ ॥
ਹੋਰ ਕੂੜੁ ਪੜਣਾ, ਕੂੜੁ ਕਮਾਵਣਾ, ਬਿਖਿਆ ਨਾਲਿ ਪਿਆਰੁ॥
ਅੰਦਰਿ ਸੁਖੁ ਨ ਹੋਵਈ, ਮਨਮੁਖ ਜਨਮੁ ਖੁਆਰੁ ॥
ਨਾਨਕ ਨਾਮ ਰਤੇ ਸੇ ਉਬਰੇ ਗੁਰ ਕੈ ਹੇਤਿ ਅਪਾਰਿ॥

(ਮਾਰੂ ਵਾਰ ਮ: 3)

ਸਤਿਗੁਰੂ ਜੀ ਦੇ ਸ਼ਬਦ ਦੀ ਸਮਾਪਤੀ ਵੀ ਬ੍ਰਾਹਮਣਾਂ ਕੋਲੋਂ ਉਡੀਕੀ ਨਾ ਗਈ ਤੇ ਉਹ ਸੜ-ਮਰਨ ਦਾ ਰੌਲਾ ਪਾਉਣ ਲਗ ਪਏ। ਦੀਵਾਨ ਸਥਾਨ-ਤਣਾਉ-ਭਰਪੂਰ ਹੋ ਗਿਆ। ਲੋਕਾਂ ਨੂੰ ਸਮਝ ਨਹੀਂ ਸੀ ਆ ਰਿਹਾ ਕਿ ਇਸ ਸਾਰੀ ਗੱਲ ਬਾਤ ਦਾ ਅੰਤ ਕੀ ਹੋਵੇਗਾ ਕਿ ਪ੍ਰਬੰਧਕ ਸਿੰਘਾਂ ਵਿਚੋਂ ਵੀ ਜਵਾਬੀ ਹੰਗਾਮਾ ਉਠ ਖਲੋਤਾ। ਇਸ ਰੌਲੇ ਰੱਖੋ ਵਿਚ ਸਤਿਗੁਰੂ ਜੀ ਨੇ ਸਾਰੇ ਮਾਹੌਲ ਨੂੰ ਸ਼ਾਂਤ ਕਰਵਾਣ ਲਈ ਲਲਕਾਰਾ ਮਾਰਿਆ :

ਚੰਗਾ ਫਿਰ ਜੇ ਇਹ ਸ਼ਰਾਰਤ ਕਰਨੋ ਬਾਜ ਨਹੀਂ ਆਉਂਦੇ ਤਾਂ ਜੋ ਬਹੁਤਾ ਸੜ ਮਰਨ ਨੂੰ ਕਾਹਲਾ ਹੈ ਉਹ ਸਾਹਮਣੇ ਆਵੇ, ਅਸੀਂ ਹੀ ਪਵਿੱਤਰ ਅਗਨੀ ਵਿਚ ਉਸ ਨੂੰ ਹੋਮ ਦਿੰਦੇ ਹਾਂ । ਜੋ ਲਗਦੈ ਪਾਪ ਲਗ ਜਾਵੇ। ਏਸ ਲਲਕਾਰ ਨੇ ਦੀਵਾਨ ਵਿੱਚ ਸਨਾਟਾ ਪੈਦਾ ਕਰ ਦਿੱਤਾ। ਹੁਣ ਦਿਸਦਾ ਪਿਆ ਸੀ ਕਿ ਪਿਛਲੀ ਰਸਮ ਟੁੱਟ ਕੇ ਹੀ ਰਹੇਗੀ ਅਤੇ ਨਵੀਂ ਦਾ ਸ੍ਰੀ ਗਣੇਸ਼ ਹੋ ਹੀ ਗਿਆ ।

ਏਨੇ ਚਿਰ ਨੂੰ ਕਿਸੇ ਨੇ ਉਚੀ ਸਾਰੀ ਜੈਕਾਰਾ ਛਡ ਦਿਤਾ ਅਤੇ ਇਸ ਦੀ ਗੂੰਜਵੀਂ ਅਵਾਜ਼ ਵਿਚ ਬ੍ਰਾਹਮਣ ਦੀਵਾਨ ਵਿਚੋਂ ਖਿਸਿਆਨੇ ਜਿਹੇ ਹੋ ਕੇ ਨਿਕਲ ਗਏ । ਪਰ ਉਹਨਾਂ ਦਾ ਸਾੜ ਮੱਠਾ ਨਹੀਂ ਸੀ ਪਿਆ । ਉਹ ਸਲਾਹ ਕਰ ਕੇ ਬਾਘਾ ਪੁਰਾਣਾ (ਜ਼ਿਲਾ ਫੀਰੋਜ਼ਪੁਰ) ਦੇ ਠਾਣੇ ਨੂੰ ਭੜਕਾਹਟ ਭਰੀਆਂ ਗੱਲਾਂ ਕਰਦੇ ਤੁਰ ਪਏ ਅਤੇ ਏਧਰ ਸ਼ਾਂਤ, ਉਤਸ਼ਾਹੀ ਤੇ ਦਿਲਚਸਪ ਮਾਹੌਲ ਵਿਚ ਅਨੰਦ ਕਾਰਜ ਆਰੰਭ ਹੋ ਗਏ ।

ਹਰਿ ਪਹਿਲੜੀ ਲਾਵ

ਬੀਬੀਆਂ ਦੀਵਾਨ ਵਿਚ ਲੂੰ-ਮੁਛੂ ਤੇ ਕੁੰਜ-ਵਲੇਟੀ ਇਕ ਗੰਢੜੀ ਵਾਂਗ ਨਹੀਂ ਬੈਠੀਆਂ ਸਨ, ਸਗੋਂ ਆਪਣੇ ਮਰਦ ਸਾਥੀ ਨਾਲ ਨੰਗੇ ਮੂੰਹ, ਸਫੈਦ ਬਸਤਰਾਂ ਵਿਚ ਸ਼ੋਭਾ ਪਾ ਰਹੀਆਂ ਸਨ। ਇਹਨਾਂ ਜੋੜਿਆਂ ਨੂੰ ਇਕ ਇਕ ਕਰ ਕੇ ਵਿਧੀਵਤ ਅੰਮ੍ਰਿਤ ਛਕਾਇਆ। ਉਪਰੰਤ ਪ੍ਰਬੰਧਕਾਂ 'ਚੋਂ ਇਕ ਨੇ ਲੜਕੀ ਦੇ ਦੁਪੱਟੇ ਦੀ ਕੰਨੀ ਲੈ ਕੇ ਅਤੇ ਲੜਕੇ ਦੇ ਮੋਢੇ ਵਾਲੇ ਸਾਫੇ ਦੀ ਕੰਨੀ ਨਾਲ ਗੰਢ ਦੇ ਕੇ ਗੰਢ ਚਤਰਾਵਾ ਕਰ ਦਿਤਾ । ਇਸ ਗਲ ਨੂੰ ਮੁੱਖ ਰੱਖ ਕੇ ਕਿ ਗੁਰੂ ਕੇ ਲੰਗਰ ਦੀ ਸਹਾਇਤਾ ਕੀਤੀ ਜਾਇ ਸਵਾ-ਸਵਾ ਰੁਪਿਆ ਦੁਹਾਂ ਧਿਰਾਂ ਤੋਂ ਲੈ ਕੇ ਗੰਢ ਚਤਰਾਵੇ ਵਾਲੀਆਂ ਕੰਨੀਆਂ ਵਿੱਚ ਗੰਢ ਦਿਤਾ ਗਿਆ ।

ਉਪਰੰਤ ਸਤਿਗੁਰੂ ਜੀ ਦੀ ਆਗਿਆ ਅਨੁਸਾਰ, ਹਵਨ-ਕੁੰਡ ਦੁਆਲੇ ਗੱਡੀ ਹੋਈ ਵੇਦੀ ਦੇ ਆਦਰ ਅਤੇ ਹਵਨ-ਕੁੰਡ ਵਿਚਾਲੇ ਵਿਛਾਈ ਹੋਈ ਪਰਾਲੀ ਆਦਿ ਤੇ ਬੀਬੀਆਂ ਅਤੇ ਲੜਕੇ ਆਪਣੇ ਆਪਣੇ ਸਾਥ ਨਾਲ ਖਲੋ ਗਏ । ਲਾਵਾਂ ਦੇ ਉਚਾਰਨ ਨਾਲ ਅੱਗੇ ਲੜਕਾ ਅਤੇ ਪਿਛੇ ਲੜਕੀ ਛੀਏ ਜੋੜੇ ਹੀ ਇਕ ਇਕ ਲਾਂਵ ਨਾਲ ਹਵਨ-ਕੁੰਡ ਦੀ ਪਰਕਰਮਾ ਕਰਨ ਲਗੇ ਪਰਕਰਮਾ ਹਵਨ-ਕੁੰਡ ਨੂੰ ਖੱਬੇ ਰੱਖ ਕੇ ਹੋ ਰਹੀ ਸੀ।
ਚਾਰ ਲਾਵਾਂ ਨਾਲ, ਚਾਰ ਫੇਰੇ ਹਵਨ-ਕੁੰਡ ਦੁਆਲੇ ਲਾ ਕੇ ਅਨੰਦ ਦੀ ਰਸਮ ਪੂਰੀ ਹੋ ਗਈ ।
ਰਾਗੀਆਂ ਨੇ ਪੜਿਆ :

ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ।
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ॥
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ।
ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ॥
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨਾ ਜਾਇਆ।
ਵੀਆਹੁ ਹੋਆ ਮੇਰੇ ਬਾਬੋਲਾ ਗੁਰ ਮੁਖੇ ਹਰਿ ਪਾਇਆ ॥2॥

(ਸਿਰੀ ਰਾਗੁ ਮਹਲਾ 4, ਘਰੁ 2, ਛੰਤ)

ਅਤੇ ਇਸ ਸ਼ਬਦ ਦਾ ਦੂਹਰਾ ਉਚਾਰਣ ਸੰਗਤ ਵਲੋਂ ਹੁੰਦਾ ਰਿਹਾ ਜਿਸ ਨਾਲ ਸਾਰੇ ਵਾਤਾਵਰਣ ਵਿੱਚ ਇਕ ਖੁਸ਼ੀ, ਉਮਾਹ ਅਤੇ ਸ਼ਕਤੀ ਉਤਪੰਨ ਹੋ ਗਈ। ਉਪਰੰਤ ਪੰਜ ਪੌੜੀਆਂ 'ਅਨੰਦ ਦੀਆਂ ਗਾ ਕੇ ਅਰਦਾਸਾ ਕਰ ਦਿੱਤਾ ਗਿਆ ਅਤੇ ਏਹੋ ਸਾਰੀ ਅਨੰਦ ਦੀ ਮਰਿਯਾਦਾ ਸੀ ।

ਇਸ ਢੰਗ ਨਾਲ ਜਿਥੇ ਛੇ ਜੋੜਿਆਂ ਦੇ ਕਾਰਜ ਕਰ ਦਿਤੇ ਗਏ ਓਥੇ ਇਹਨਾਂ ਵਿਚੋਂ ਚਾਰ ਜੋੜਿਆਂ ਦੇ ਵਿਆਹ ਜਿਨ੍ਹਾਂ ਦੀ ਰੋਟੀ ਦੀ ਸਾਂਝ ਸੀ ਉਹਨਾਂ ਦੀ ਬੇਟੀ ਦੀ ਸਾਂਝ ਵੀ ਸਥਾਪਤ ਕਰਨ ਲਈ ਕੀਤੇ ਗਏ ਸਨ ਜਿਵੇਂ ਇਕ ਤਰਖਾਣਾ ਦੀ ਲੜਕੀ ਦਾ ਅਨੰਦ ਕਾਰਜ ਅਰੋੜਿਆਂ ਦੇ ਲੜਕੇ ਨਾਲ ਕੀਤਾ ਗਿਆ । ਇਕ ਅਰੋੜਿਆਂ ਦੀ ਪੁੱਤਰੀ ਦਾ ਛੀਬਿਆਂ ਨਾਲ । ਦਰਸ਼ਕਾਂ ਨੇ ਵੇਖਿਆ ਜੋ ਕੰਮ ਰਾਤ-ਰਾਤ ਭਰ ਹੁੰਦਾ ਰਹਿੰਦਾ ਸੀ ਬ੍ਰਾਹਮਣਾਂ

Sri Satguru Jagjit Singh Ji Elibrary NamdhariElibrary@gmail.com

ਦੇ ਚੱਕਰ ਵਿੱਚ ਪੈ ਕੇ, ਉਸ ਨੂੰ ਨਾਮਧਾਰੀਆਂ ਆਪਣੇ ਹੱਥ ਵਿੱਚ ਲੈ ਲਿਆ ਸੀ ਤੇ ਉਹ ਘੰਟੇ-ਅੱਧੇ-ਘੰਟੇ ਵਿੱਚ ਭੁਗਤ ਗਿਆ ਸੀ। ਨਾ ਵਾਜਾ, ਨਾ ਭੰਡ-ਨਕਲੀਏ, ਨਾ ਜੰਝ ਜਾਂਈਆਂ ਦੇ ਜਲਊ, ਨਾ ਆਤਸ਼ਬਾਜੀਆਂ, ਨਾ ਮਿਠਾਈਆਂ ਤੇ ਲਾਗ-ਪੱਤਰ, ਨਾ ਦਿੱਤਾ, ਨਾ ਦਾਜ-ਏਨੀ ਸਰਲ ਰਸਮ ਦੇ ਕੌਣ ਨ ਸਦਕੇ ਜਾਂਦਾ।

ਗੁਰੂ ਰਾਮ ਸਿੰਘ ਜੀ ਨੇ ਐਲਾਨ ਕੀਤਾ: ਸਾਧ ਸੰਗਤ ਜੀ ! ਇਸ ਤੋਂ ਪਹਿਲਾਂ ਦੇ ਜਿੰਨੇ ਵਿਆਹ ਹਨ, ਕੀ ਉਹ ਮੇਰਾ ਹੈ ਜਾਂ ਤੁਹਾਡੇ, ਉਹ ਸਭ ਬ੍ਰਾਹਮਣੀ ਰਸਮਾਂ ਅਧੀਨ ਹੋਏ ਹਨ। ਗੁਰ ਮਰਿਆਦਾ ਅਨੁਸਾਰ ਅਨੰਦ ਕਾਰਜ ਏਹੋ ਹਨ ਜੋ ਆਪਦੇ ਸਾਹਮਣੇ ਕੀਤੇ ਗਏ ਹਨ। ਇਸ ਬਾਣੀ ਦੀ ਵਰਤੋਂ ਆਨੰਦ ਕਾਰਜਾਂ ਵਾਸਤੇ ਅੱਜ ਤੋਂ ਹੀ ਜਾਰੀ ਕੀਤੀ ਜਾਂਦੀ ਹੈ। ਅੱਗੇ ਤੋਂ ਹਰ ਸਿੱਖ ਗੁਰਬਾਣੀ ਵਿਚੋਂ ਲਾਵਾਂ ਵਾਲੇ ਸ਼ਬਦਾਂ ਨਾਲ ਅਨੰਦ ਕੀਤਾ ਕਰੋ। ਅਸਲ ਵਿਚ ਇਹੋ ਗੁਰਸਿੱਖੀ ਦੀ ਰਹੁ-ਰੀਤ ਹੈ ਜਿਸ ਵਿਚ ਗੁਰੂ ਆਸ਼ੇ ਅਨੁਸਾਰ ਸਾਤਵਿਕਤਾ ਰਹੇ। ਇਕ ਗੱਲ ਹੋਰ ਜੋ ਸਭ ਨੇ ਧਿਆਨ ਵਿੱਚ ਰੱਖਣੀ ਹੈ ਉਹ ਹੈ ਉਮਰ ਬਾਰੇ ਅਨੰਦ ਕਾਰਜ ਸਮੇਂ ਲੜਕੀਆਂ ਦੀ ਉਮਰ ਘਟੋ ਘਟ ਸੋਲਾਂ ਸਾਲ ਜ਼ਰੂਰ ਹੋਵੇ ਅਤੇ ਲੜਕਿਆਂ ਨੂੰ ਅਠਾਰਾਂ ਤੋਂ ਘੱਟ ਨਾ ਵਿਆਹਿਆ ਜਾਵੇ। ਉਮੀਦ ਹੈ ਸਾਧ ਸੰਗਤ ਨਿਡਰ ਹੋ ਕੇ ਇਸ ਢੰਗ ਦੇ ਵਿਆਹਾਂ ਦਾ ਪ੍ਰਚਲਣ ਕਰੇਗੀ ਅਤੇ ਕਿਤੇ ਵੀ ਬ੍ਰਾਹਮਣਾਂ ਦੇ ਡੂਮਡਰਾਵਿਆਂ ਤੋਂ ਨਹੀਂ ਡਰੇਗੀ।

ਜਿਨ੍ਹਾਂ ਜੋੜਿਆਂ ਦੇ 3 ਜੂਨ, 1863 ਨੂੰ ਗੁਰਮਤਿ ਅਨੁਸਾਰ ਪਹਿਲਾਂ ਕਾਰਜ ਹੋਏ ਉਹਨਾਂ ਦੀ ਏਨੀ ਕੁ ਜਾਣਕਾਰੀ ਪ੍ਰਾਪਤ ਹੋ ਸਕੀ ਹੈ :

1. ਭਾਈ ਜੋਗਾ ਸਿੰਘ ਧੂੜਕੋਟ (ਜ਼ਿ: ਫੀਰੋਜ਼ਪੁਰ) ਦੀ ਪੁਤਰੀ ਬੀਬੀ ਬਿਸ਼ਨ ਕੌਰ ਦਾ।
ਮੁਠਡਿਆਂ (ਜਿ: ਜਲੰਧਰ) ਦੇ ਭਾਈ ਫਤਹ ਸਿੰਘ ਦੇ ਸਪੁੱਤਰ ਸ੍ਰੀ ਬੀਰ ਸਿੰਘ ਨਾਲ।

2. ਸੂਬਾ, ਬਾਬਾ ਸਮੁੰਦ ਸਿੰਘ ਪਿੰਡ ਖੋਟੇ (ਜਿ: ਫੀਰੋਜ਼ਪੁਰ) ਦੀ ਪੁਤਰੀ ਪਿੰਡ ਠਰੀ (ਜਿ:ਫੀਰੋਜ਼ਪੁਰ) ਵਿਖੇ ਵਿਆਹੀ।

3. ਭਾਈ ਬੁੱਧ ਸਿੰਘ ਦੀ ਪੁਤਰੀ ਪ੍ਰੇਮ ਕੌਰ ਧੁਲੇਤੇ (ਜਿ: ਜਲੰਧਰ) ਵਿਚ ਵਿਆਹੀ।

4. ਸੰਤ ਫਤਹ ਸਿੰਘ ਦੀ ਪੁਤਰੀ ਦੇਸ ਕੌਰ ਨਿਹਾਲੇ ਵਾਲਾ (ਜਿ: ਫੀਰੋਜ਼ਪੁਰ) ਵਿਆਹੀ।

5. ਸੰਤ ਕਾਲਾ ਸਿੰਘ ਦੀ ਪੁਤਰੀ ਪਿੰਡ ਦੌਧਰ (ਜਿ: ਫੀਰੋਜ਼ਪੁਰ) ਵਿਆਹੀ।

6. ਭਾਈ ਸੁੰਦਰ ਸਿੰਘ ਦੀ ਪੁਤਰੀ ਪਿੰਡ ਉਬੋਕੇ (ਜ਼ਿ: ਅੰਮ੍ਰਿਤਸਰ) ਵਿਚ ਵਿਆਹੀ।

ਅੰਗਰੇਜ਼ਾਂ ਦੀ ਨਜ਼ਰ ਵਿਚ ਬਾਹਲੇ ਵਿਸਤਾਰ ਵਿਚ ਨਾ ਜਾਂਦਿਆਂ, ਏਥੇ ਏਨਾ ਕਹਿਣਾ ਹੀ ਕਾਫੀ ਹੈ ਕਿ ਖੋਟਿਆਂ ਦੇ ਅਤੇ ਲਾਗ ਪਾਸ ਦੇ ਬ੍ਰਾਹਮਣਾਂ ਨੇ ਬਾਘੇ ਪੁਰਾਣੇ (ਜ਼ਿ: ਫੀਰੋਜ਼ਪੁਰ) ਥਾਣੇ ਵਿਚ ਜਾ ਹਾਲ ਪਾਹਰਿਆ ਕੀਤੀ ਕਿ ਕੂਕਿਆਂ ਦੇ ਗੁਰੂ ਨੇ ਜਿਥੇ ਸਾਡੀ ਮਾਣ ਪ੍ਰਤਿਸ਼ਟਾ ਨੂੰ ਲੱਤ ਮਾਰ ਕੇ ਤੇ ਜੁਗਾਂ ਤੋਂ ਚਲੀ ਆਉਂਦੀ, ਪਿਤਾ ਪੁਰਖੀ ਵਿਆਹਾਂ ਸ਼ਾਦੀਆਂ ਦੀ ਸ਼ਾਸਤਰੀ ਰੀਤ ਤੋੜੀ ਹੈ, ਉਥੇ ਨਾਲ ਹੀ ਪੰਜ-ਸੱਤ ਸੌ ਦੇ ਇਕੱਠ ਸਾਹਵੇਂ ਐਸੀਆਂ ਗੱਲਾਂ ਵੀ ਕੀਤੀਆਂ ਹਨ ਜਿਸ ਤੋਂ ਅੰਗਰੇਜੀ ਸਰਕਾਰ ਨੂੰ ਖਤਰਾ ਹੋ ਸਕਦਾ ਹੈ ਕਿਉ ਕਿ ਕੂਕਿਆਂ ਦਾ ਗੁਰੂ ਬਾਹਾਂ ਉਲਾਰ ਉਲਾਰ ਕਹਿੰਦਾ ਹੈ :

- ਅੰਗਰੇਜ਼ਾਂ ਦਾ ਰਾਜ ਖਤਮ ਹੋ ਜਾਵੇਗਾ।
- ਮੁੜ ਕੇ ਖਾਲਸਾ ਰਾਜ ਸਥਾਪਤ ਹੋ ਜਾਵੇਗਾ।
- ਕੁੜੀਆਂ-ਮੁੰਡਿਆਂ ਅਤੇ ਬਾਲੇ-ਬੁੱਢੇ ਨੂੰ ਗੁਰਮੁਖੀ ਪੜ੍ਹਾਓ ਅਤੇ ਆਪਣੇ ਸਕੂਲਾਂ ਵਿਚ ਪੜਾਓ।
- ਅੰਗਰੇਜ਼ੀ ਤਾਲੀਮ ਦਾ ਬਾਈਕਾਟ ਕਰੋ।
- ਗੋਰਿਆਂ ਦੀ ਨੌਕਰੀ ਨਾ ਕਰੋ।
- ਇਹਨਾਂ ਦੀਆਂ ਕਚਹਿਰੀਆਂ, ਰੇਲਾਂ, ਡਾਕ-ਤਾਰ, ਆਦਿ ਦਾ ਬਾਈਕਾਟ ਕਰੋ।

ਗੱਲਾਂ ਇਹ ਤਾਂ ਹੋਈਆਂ ਹੀ ਸਨ, ਪਰ ਕਈ ਤਰ੍ਹਾਂ ਦੀਆਂ ਹੋਰ ਵੀ ਝੂਠੀਆਂ-ਸੱਚੀਆਂ ਵਧਾ-ਵਧਾ ਕੀਤੀਆਂ। ਸਤਿਗੁਰੂ ਰਾਮ ਸਿੰਘ ਜੀ ਨੂੰ ਖੋਟਿਆਂ ਤੋਂ ਅੰਗਰੇਜ਼ ਦੀ ਪੁੱਛ-ਪੜਤਾਲ ਦਾ ਸਾਹਮਣਾ ਕਰਨਾ ਪਿਆ। ਅਜੇ ਸਤਿਗੁਰੂ ਜੀ ਖੋਟਿਆਂ ਵਿਚ ਹੀ ਸਨ ਕਿ 6 ਜੂਨ ਨੂੰ ਇਕ ਹਵਲਦਾਰ ਨੇ ਖੋਰੀਂ ਪਹੁੰਚ ਕੇ ਸਾਰੀ ਜਾਣਕਾਰੀ ਇਕੱਤਰ ਕੀਤੀ ਅਤੇ ਖੋਟਿਆਂ ਦੇ ਲਾਗ ਪਾਸ ਦੇ ਲੋਕਾਂ ਅਤੇ ਨੰਬਰਦਾਰਾਂ ਦੇ ਬਿਆਨ ਕਲਮਬੰਦ ਕੀਤੇ। ਉਹਨਾਂ ਨੇ ਬਿਆਨਾਂ ਦੇ ਆਧਾਰ ਤੇ 7 ਜੂਨ ਨੂੰ ਫੀਰੋਜ਼ਪੁਰ ਦੇ ਸੁਪ੍ਰਿੰਟੈਂਡੈਂਟ ਪੁਲਿਸ ਨੇ ਰੀਪੋਰਟ ਤਿਆਰ ਕਰਕੇ ਲਾਟ ਸਾਹਿਬ ਨੂੰ ਭੇਜੀ। ਲਾਟ ਸਾਹਿਬ ਨੇ ਪੰਜਾਬ ਸਰਕਾਰ ਦੇ ਸਕੱਤਰ ਨੂੰ ਹੁਕਮ ਦਿੱਤਾ ਕਿ ਡੀ.ਸੀ. ਫੀਰੋਜ਼ਪੁਰ ਮਿ: ਥਾਮਸ ਆਪ ਇਕ ਦਮ ਖੋਟਿਆਂ ਵਿਖੇ ਪਹੁੰਚੇ ਤੇ ਮੁਨਾਸਬ ਕਾਰਵਾਈ ਕਰੇ। ਜੇ ਜ਼ਰੂਰਤ ਸਮਝੇ ਤਾਂ ਗੁਰੂ ਰਾਮ ਸਿੰਘ ਜੀ ਨੂੰ ਗ੍ਰਿਫਤਾਰ ਕਰ ਲਵੇ।

ਚਾਰ ਪੰਜ ਦਿਨਾਂ ਦੇ ਅੰਦਰ ਅੰਦਰ ਸ਼ਕਾਇਤ, ਬਿਆਨ, ਰੀਪੋਰਟ, ਹੁਕਮ ਅਤੇ ਉਨ੍ਹਾਂ ਉਤੇ ਅਮਲ ਹੋਣ ਦੀ ਨੌਬਤ ਆ ਗਈ। ਇਹ ਉਸ ਵੇਲੇ ਦੀ ਗੱਲ ਹੈ ਜਦੋ ਰਸਲਰਸਾਲ ਦੇ ਵਸੀਲੇ ਬੜੇ ਸਾਧਾਰਣ ਸਨ। ਪਰ ਇਸ ਘਟਨਾ ਨੂੰ ਏਨਾ ਮਹੱਤਵ ਦਿੱਤਾ ਗਿਆ ਕਿ 3 ਜੂਨ ਤਕ ਡੀ.ਸੀ. ਖੁਦ ਖੋਟਿਆਂ ਵਿਚ ਤਸ਼ਰੀਫ ਲੈ ਆਇਆ। ਗੁਰੂ ਰਾਮ ਸਿੰਘ ਜੀ ਨੂੰ ਮਿਲਿਆ ਅਤੇ ਉਸ ਨੇ ਪੰਜਾਬ ਸਰਕਾਰ ਦੇ ਹੁਕਮ ਸਾਦਰ ਕੀਤੇ : 1. ਜ਼ਿਲਾ ਫੀਰੋਜ਼ਪੁਰ ਵਿਚ ਅੱਗੇ ਤੋਂ ਕੋਈ ਮੇਲਾ ਜਾਂ ਦੀਵਾਨ ਨਹੀਂ ਹੋ ਸਕਦਾ। 2. ਗੁਰੂ ਰਾਮ ਸਿੰਘ ਅਤੇ ਉਨ੍ਹਾਂ

Sri Satguru Jagjit Singh Ji Elibrary NamdhariElibrary@gmail.com

ਦੇ ਬਾਹਰੋਂ ਆਏ ਅਨੁਆਈਆਂ ਨੂੰ ਮੰਜ਼ਲੋ ਮੰਜ਼ਲੀ ਪੁਲਿਸ ਨਿਗਰਾਨੀ ਹੇਠ ਭੈਣੀ ਸਾਹਿਬ ਪਹੁੰਚਾਇਆ ਜਾਵੇ।

ਇਸ ਹੁਕਮ ਤੇ ਤਾਮੀਲ ਕਰਦਿਆਂ 9 ਜਾਂ 10 ਜੂਨ 1863 ਨੂੰ ਗੁਰੂ ਜੀ ਨੂੰ ਸਾਥੀਆਂ ਸਮੇਤ ਬਾਘੇ ਪੁਰਾਣੇ ਦੇ ਥਾਣੇ ਲੈ ਜਾ ਕੇ 14 ਜੂਨ ਤੱਕ ਭੈਣੀ ਸਾਹਿਬ ਭੇਜ ਦਿਤਾ ਗਿਆ। ਇਸ ਤੋਂ ਪਿਛੋਂ ਬਿਨਾਂ ਆਗਿਆ ਮੇਲੇ ਮੁਸਾਹਬੇ ਕਰਨ ਅਤੇ ਉਨ੍ਹਾਂ ਤੇ ਜਾਣ-ਆਉਣ ਦੀ ਰੋਕ ਲੱਗ ਗਈ।

ਗੱਲ ਏਥੇ ਹੀ ਨਹੀਂ ਮੁੱਕੀ, ਸਗੋਂ ਲਗਾਤਾਰ 28 ਦਿਨ ਗੁਰੂ ਰਾਮ ਸਿੰਘ ਜੀ ਨੂੰ ਲੁਧਿਆਣੇ ਪਹੁੰਚ ਕੇ ਡੀ.ਸੀ. ਦੇ ਪੇਸ਼ ਹੋਣਾ ਪੈਂਦਾ ਰਿਹਾ।

ਭੈਣੀ ਸਾਹਿਬ ਪੁਲਿਸ ਦੀ ਨਜ਼ਰ ਹੇਠ ਕਰ ਦਿਤਾ ਗਿਆ।

ਸਤਿਗੁਰੂ ਰਾਮ ਸਿੰਘ ਜੀ ਨੇ ਆਪਣੀ ਨਜ਼ਰਬੰਦੀ ਨੂੰ ਕਿਵੇਂ ਨਜਿੱਠਿਆ ਅਤੇ ਨਾਮਧਾਰੀ ਸੰਗਤਾਂ ਵਿਚ ਕਿਵੇਂ ਆਪਣੇ ਪ੍ਰੋਗਰਾਮ ਚਾਲੂ ਰੱਖੇ ਅਤੇ ਨਾਲ ਹੀ ਸਿੱਖੀ ਹੋਰ ਫੈਲਾਣ ਲਈ ਕੀ ਕੀ ਤਰੱਦਦ ਕੀਤੇ, ਇਥੇ ਇਹਨਾਂ ਗੱਲਾਂ ਦੀ ਵਿਆਖਿਆ ਲਈ ਯੋਗ ਥਾਂ ਨਹੀਂ । ਏਥੇ ਅਸਾਂ ਕੇਵਲ ਇਸਤ੍ਰੀਆਂ ਨਾਲ ਸੰਬੰਧਤ ਗੱਲਾਂ ਬਾਰੇ ਹੀ ਜ਼ਿਕਰ ਕਰਨਾ ਹੈ ।

ਅਨੰਦ ਵਿਸਤਾਰ ਪਵਿੱਤਰ ਸੁਗੰਧੀ ਵਾਂਗ ਇਹ ਗੱਲ ਸਾਰੇ ਪੰਜਾਬ ਵਿਚ ਹੁਲ ਗਈ ਕਿ ਕੂਕਿਆਂ ਦੇ ਗੁਰੂ ਨੇ ਜੋ ਵਿਆਹ-ਸ਼ਾਦੀਆਂ ਦੀ ਨਵੀਂ ਰੀਤ ਤੋਰੀ ਹੈ ਅਸਲ ਵਿਚ ਗੁਰਮਤਿ ਦੇ ਵਿਆਹ ਕਾਰਜ ਤਾਂ ਹਨ ਹੀ ਉਹ । ਇਸ ਲਈ ਸਿੱਖਾਂ ਨੂੰ ਤਾਂ ਉਹਨਾਂ ਦੀ ਰੀਤ ਅਨੁਸਾਰ ਹੀ ਅਨੰਦ ਕਾਰਜ ਕਰਨੇ-ਕਰਾਣੇ ਚਾਹੀਦੇ ਹਨ, ਪਰ ਨਾਮਧਾਰੀਆਂ ਦੇ ਬੱਚੇ ਬੱਚੀਆਂ ਦੀਆਂ ਸ਼ਾਦੀਆਂ ਤਾਂ ਸ਼ੁਰੂ ਹੀ ਗੁਰ ਮਰਿਆਦਾ ਨਾਲ ਹੋ ਗਈਆਂ ।

ਅਤੇ ਇਹ ਅਨੰਦ ਮਰਿਆਦਾ ਦੀ ਰਸਮ ਏਨੀ ਹਰਮਨ ਪਿਆਰੀ ਹੋ ਗਈ ਕਿ ਅਨੇਕਾਂ ਕੂਕਿਆਂ ਨੇ ਜਿਨ੍ਹਾਂ ਇਸ ਤੋਂ ਪਹਿਲਾਂ ਬ੍ਰਾਹਮਣੀ ਢੰਗ ਅਨੁਸਾਰ ਵਿਆਹ ਕਰਵਾਏ ਸਨ, ਦੋਬਾਰਾ ਆਪਣੇ ਅਨੰਦ ਪੜ੍ਹਾਏ ਤੇ ਕਿਤੇ-ਕਿਤੇ ਤਾਂ ਇਸ ਲਹਿਰ ਨੇ ਏਨਾਂ ਜ਼ੋਰ ਫੜਿਆ ਕਿ ਮਾਂ-ਬਾਪ ਦਾ ਅਨੰਦ ਕਾਰਜ ਹੋ ਰਿਹਾ ਸੀ ਤੇ ਲਾਵਾਂ ਪੜ੍ਹ ਰਹੇ ਸਨ ਉਹਨਾਂ ਦੇ ਬੱਚੇ।

ਜਦੋਂ ਕੋਈ ਚੀਜ਼ ਤਹਿਰੀਕ ਬਣਦੀ ਹੈ, ਅੰਦੋਲਨ ਦਾ ਰੂਪ ਧਾਰਦੀ ਹੈ ਉਦੋਂ ਵਿਚਾਰਾਂ ਦੀ ਇਕ ਅਜਿਹੀ ਰਉ ਚਲ ਪੈਂਦੀ ਹੈ ਕਿ ਪਿਛਲੀਆਂ ਸਭ ਗੱਲਾਂ ਬੋਦੀਆਂ ਪੈ ਜਾਦੀਆਂ ਹਨ ਅਤੇ ਉਹ ਆਪ ਤੋਂ ਆਪ ਚੁਰਮੁਰਾਂਦੀਆਂ ਚਲੀਆਂ ਜਾਂਦੀਆਂ ਹਨ । ਪੁੱਤਰਾਂ ਵੱਲੋਂ ਮਾਪਿਆਂ ਦੇ ਅਨੰਦ ਕਾਰਜ ਦੀ ਮਿਸਾਲ. ਹਾਜ਼ਰ ਹੈ : ਸ. ਲਾਲ ਸਿੰਘ ਪਿੰਡ ਘੁਮਟੀ (ਰਿਆਸਤ ਸੰਗਰੂਰ) ਅਤੇ ਉਹਨਾਂ ਦੀ ਸੁਪਤਨੀ ਮਾਈ ਪ੍ਰਤਾਪ ਕੌਰ ਉਦੋਂ 60 ਸਾਲ ਦੀ ਉਮਰ ਦਾ ਜੋੜਾ ਸਨ ਜਦੋਂ ਅਨੰਦ ਕਾਰਜਾਂ ਦੀ ਤਹਿਰੀਕ ਵੇਲੇ ਉਹਨਾਂ ਆਪਣਾ ਅਨੰਦ ਕਾਰਜ ਦੋਬਾਰਾ ਪੜਵਾਇਆ । ਇਕ ਤਕੜਾ ਮੇਲਾ ਕੀਤਾ, ਦੂਰ ਨੇੜੇ ਦੀ ਨਾਮਧਾਰੀ ਸੰਗਤ ਦੀ। ਦੋਵੇਂ ਬਜ਼ੁਰਗ ਹਵਨ ਆਦਿ ਕਰਵਾ ਕੇ ਤੇ ਵੇਦੀ ਗੱਡ ਕੇ, ਲਾਵਾਂ ਲੈਣ ਲਈ ਬੈਠ ਗਏ ਅਤੇ ਉਹਨਾਂ ਦੇ ਵੱਡੇ ਪੁੱਤਰ ਸ. ਹਰੀ ਸਿੰਘ ਨੇ ਮਾਤਾ ਪਿਤਾ ਦੇ ਅਨੰਦ ਦੀਆਂ ਲਾਵਾਂ ਪੜੀਆਂ । ਰੁਪਾਣਾ (ਅੱਜ ਕਲ੍ਹ ਜਿ: ਮੁਕਤਸਰ) ਦੇ ਭਾਈ ਵਜ਼ੀਰ ਸਿੰਘ ਨੇ ਵੀ ਵੇਦ ਰੀਤੀ ਵਾਲਾ ਵਿਆਹ ਉਧੇੜ ਕੇ ਗੁਰਮਤਿ ਅਨੁਸਾਰ ਬਾਕਾਇਦਾ ਹਵਨ ਕਰਵਾ ਕੇ ਵੇਦੀ ਗੱਡ ਕੇ ਲਾਵਾਂ ਪੜ੍ਹਵਾਈਆਂ ਅਤੇ ਆਪਣੇ ਆਪ ਨੂੰ ਅਨੰਦ ਕਾਰਜੀ ਲੋਕਾਂ ਦੇ ਬਰਾਬਰ ਕੀਤਾ।

ਇੰਜ ਹੀ ਵਿਧਵਾ-ਵਿਆਹਾਂ ਬਾਰੇ ਵੀ ਨਾਮਧਾਰੀ ਸਿੰਘਾਂ ਨੇ ਪਿਛਲੇ ਕੁਝ ਭਰਮ ਜਾਲ ਤਾਰ-ਤਾਰ ਕਰਕੇ ਆਪਣੀਆਂ ਬੱਚੀਆਂ ਨੂੰ ਜਿਉਂਦੀ ਚਿਖਾ ਬਣਨੋਂ ਬਚਾ ਲਿਆ। ਛੋਟੀ ਉਮਰੇ ਵਿਧਵਾ ਹੋਈਆਂ ਬੀਬੀਆਂ ਨੂੰ ਆਮ ਕਰ ਕੇ ਮੁਨਾਸਬ ਵਰ ਵੇਖ, ਦੁਬਾਰਾ ਵਿਆਹ ਹੀ ਦਿਤਾ ਜਾਂਦਾ, ਪਰ ਵੱਡੀ ਉਮਰ ਦੀਆਂ ਇਸਤਰੀਆਂ ਨੂੰ ਦੁਬਾਰਾ ਵਿਆਹ ਲਈ ਉਹਨਾਂ ਦੇ ਬੱਚੇ ਰਜ਼ਾਮੰਦ ਕਰ ਲੈਂਦੇ ਅਤੇ ਇਸ ਕਿਰਿਆ ਵਿਚ ਕੋਈ ਸਮਾਜਕ ਬੰਧਨ ਅੜਿੱਕਾ ਨਾ ਬਣਦਾ ਤੇ ਨਾ ਹੀ ਪਰਵਾਰ ਵਿਚ ਮਾਨਸਿਕ ਮੁਸ਼ਕਲਾਂ ਹੀ ਹਾਵੀ ਹੁੰਦੀਆਂ। ਉਦਾਹਰਣ ਹੈ : ਅਜੋਕੇ ਜ਼ਿਲਾ ਮੁਕਤਸਰ ਦੇ ਪ੍ਰਸਿੱਧ ਨਗਰ ਅਬੁਲ ਖੁਰਾਣਾ ਵਿਚ ਅਰੋੜੇ ਪਰਵਾਰ ਦੀ ਵਿਧਵਾ ਬੀਬੀ ਬੁੱਧਾਂ ਜਿਸ ਦਾ ਪਤੀ ਸੇਠ ਸੁਜਾਨਾ ਰਾਮ ਸਵਰਗ ਸਿਧਾਰ ਗਿਆ ਸੀ, ਇਹ ਨਾਮਧਾਰੀ ਸਨ। ਇਹਨਾਂ ਦੀ ਸੰਤਾਨ ਚਾਰ ਪੁੱਤਰ ਸਨ, ਤਿਨ ਮੋਨੇ ਤੇ ਇਕ ਕੇਸਾਧਾਰੀ ਨਾਮਧਾਰੀ। ਪਿਤਾ ਨੂੰ ਪੂਰੇ ਹੋਇਆਂ ਦਸ ਸਾਲ ਹੋ ਚੁੱਕੇ ਸਨ। ਬੀਬੀ ਬੁੱਧਾਂ ਦੇ ਪੁੱਤਰ ਭਾਈ ਗੁਰਮੁਖ ਸਿੰਘ ਨੇ ਆਪਣੀ ਮਾਤਾ ਨੂੰ ਭੈਣੀ ਸਾਹਿਬ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ ਲੈ ਆਂਦਾ ਅਤੇ ਬੇਨਤੀ ਕੀਤੀ ! ਆਪ ਦਾ ਹੁਕਮ ਹੈ, ਕੋਈ ਵਿਧਵਾ ਨਾ ਰਹੇ। ਮੇਰੇ ਮਾਤਾ ਜੀ ਵਿਧਵਾ ਹਨ ਤੇ ਪਿਤਾ ਜੀ ਨੂੰ ਪੂਰੇ ਹੋਇਆਂ 10 ਸਾਲ ਹੋ ਚੁਕੇ ਹਨ। ਕ੍ਰਿਪਾ ਕਰਕੇ ਇਹਨਾ ਦਾ ਆਨੰਦ ਕਰ ਦਿਓ।

ਦੀਵਾਨ ਵਿਚ ਹਾਜ਼ਰ ਸੰਗਤਾਂ ਇਹ ਦ੍ਰਿਸ਼ ਦੇਖ ਕੇ ਧੰਨ ਧੰਨ ਕਰ ਉਠੀਆਂ।

ਸਤਿਗੁਰਾਂ ਗੁਰਮੁਖ ਸਿੰਘ ਨੂੰ ਥਾਪੜਾ ਦੇ ਕੇ ਉਹਦੀ ਭਾਵਨਾ ਨੂੰ ਸਵੀਕਾਰ ਕੀਤਾ ਤੇ ਉਸ ਦਾ ਹੌਸਲਾ ਵਧਾਇਆ ਅਤੇ ਬਾਬਾ ਨਰੈਣ ਸਿੰਘ ਜੀ ਰੋੜਿਆਂ ਵਾਲੇ ਦੁਆਰਾ ਭਾਈ ਝਾਬਾ ਸਿੰਘ (ਪਿੰਡ ਮਹਿਲਾਂ, ਜ਼ਿਲਾ ਸੰਗਰੂਰ) ਨੂੰ ਬੁਲਾ ਕੇ, ਅਰਦਾਸਾ ਕਰਕੇ, ਦੁਹਾਂ ਦਾ ਸਾਥ ਬਣਾ ਦਿੱਤਾ।

ਕਵੀ ਪ੍ਰੀਤਮ ਸਿੰਘ

Sri Satguru Jagjit Singh Ji Elibrary NamdhariElibrary@gmail.com

ਮਾਈਆ ਨੂੰ ਅੰਮ੍ਰਿਤ

ਮਾ. ਗੁਰਦੇਵ ਸਿੰਘ ਸਿਆੜ

1 ਜੂਨ 1863

ਗੁਰਬਾਣੀ ਵਿੱਚ ਲਿਖਿਆ ਹੈ "ਦੋ ਮਿਲ ਕਾਰਜ ਉਪਜੈ" ਭਾਵ ਕਾਦਰ ਦੀ ਕਾਇਨਾਤ ਅੰਦਰ ਨਰ ਅਤੇ ਮਾਦਾ ਜੀਵਨ ਰੂਪੀ ਗੱਡੀ ਦੇ ਦੋ ਪਹੀਏ ਹਨ। ਜਿਸ ਤੋਂ ਸਾਰੇ ਸੰਸਾਰ ਦੀ ਉਤਪਤੀ ਹੋਈ। ਇਸ ਜੀਵਨ ਰੂਪੀ ਗੱਡੀ ਨੂੰ ਸਹੀ ਢੰਗ ਨਾਲ ਚਲਾਉਣ ਲਈ ਦੋਹਾਂ ਦੀ ਬਰਾਬਰਤਾ ਅਤੀ ਜਰੂਰੀ ਹੈ। ਜੇ ਕਰ ਇਕ ਪਹੀਆ ਕਮਜ਼ੋਰ ਹੋਵੇਗਾ ਤਾਂ ਜੀਵਨ ਰੂਪੀ ਗੱਡੀ ਸਹੀ ਮੰਜਲ ਤੇ ਨਹੀਂ ਪਹੁੰਚ ਸਕੇਗੀ। ਪੁਰਾਤਨ ਸਮੇਂ ਤੋਂ ਸਾਡੇ ਦੇਸ ਵਿੱਚ ਮਰਦ ਪ੍ਰਧਾਨ ਸਮਾਜ ਚਲਦਾ ਆ ਰਿਹਾ ਹੈ। ਇਸਤਰੀ ਜਾਤੀ ਨੂੰ ਬਰਾਬਰਤਾ ਨਹੀਂ ਦਿੱਤੀ ਗਈ। ਜਿਸ ਦੀ ਮਿਸਾਲ ਰਮਾਇਣ ਦੇ ਕਰਤਾ ਸ੍ਰੀ ਤੁਲਸੀਦਾਸ ਜੀ ਦੀ ਲਿਖਤ ਤੋਂ ਮਿਲਦੀ ਹੈ। ਜਿਸ ਵਿੱਚ ਤੁਲਸੀ ਦਾਸ ਜੀ ਲਿਖਦੇ ਹਨ। "ਢੋਰ ਗਵਾਰ ਸੂਦਰ ਅਰੁ ਨਾਰੀ ਚਾਰੋ ਤਾੜਨ ਕੇ ਅਧਿਕਾਰੀ" ਜਿਸ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਇਸਤਰੀ ਜਾਤੀ ਨੂੰ ਮਰਦ ਤੋਂ ਬਹੁਤ ਨੀਵਾਂ ਸਮਝਿਆ ਗਿਆ ਹੈ। ਜਿਸ ਕਰਕੇ ਇਸਤਰੀ ਸਮਾਜ ਵਿੱਚ ਬਹੁਤ ਸਾਰੀਆਂ ਕੁਰੀਤੀਆਂ ਪੈਦਾ ਹੋ ਗਈਆਂ। ਜਿਸ ਤਰ੍ਹਾਂ ਕੁੜੀਆਂ ਨੂੰ ਬਾਜਾਰੀ ਵਸਤਾਂ ਵਾਂਗ ਵੇਚ ਵੱਟ ਕਰਨਾ, ਬਾਲ ਵਿਆਹ, ਵਿਧਵਾ ਵਿਆਹ ਦੀ ਮਨਾਹੀ ਵੱਟੇ ਦੇ ਵਿਆਹ ਕਰਨਾ, ਵਿਦਿਆ ਨਾ ਪੜਾਉਣਾ ਧਾਰਮਿਕ ਕੰਮਾ ਵਿਚ ਨਾ-ਬਰਾਬਰਤਾ ਕੁੜੀ ਜੰਮਣ ਤੇ ਬੋਝ ਸਮਝਣਾ ਇਸਤਰੀ ਜਾਤੀ ਨੂੰ ਪੈਰ ਦੀ ਜੁੱਤੀ ਹੀ ਸਮਝਿਆ ਜਾਣ ਲੱਗ ਪਿਆ। ਕਈ ਗੋਤਾ ਦੇ ਲੋਕ ਤੇ ਕੁੜੀਆਂ ਨੂੰ ਜੰਮਦਿਆ ਮਾਰ ਦਿੰਦੇ ਸਨ। ਤਾਂ ਜੋ ਸਾਡਾ ਕੋਈ ਜਵਾਈ ਨਹੀਂ ਬਣੇਗਾ। ਗਿਆਨੀ ਗਯਾਨ ਸਿੰਘ ਜੀ ਗ੍ਰੰਥ ਪ੍ਰਕਾਸ਼ ਨਾਮ ਗ੍ਰੰਥ ਦੇ 60 ਵੇਂ ਅਧਿਆਏ ਵਿਚ ਲਿਖਦੇ ਹਨ-

ਕੰਨੀ ਬੁਢੇ ਸੀਸ ਮੀਡੀਆ, ਨਥਲੀ ਰਖਤ ਕੁਆਰੀ ਭੀ
ਪੈ ਤਬਿ ਕੇਚਿਤ ਹੋਨੇ ਲਗੇ, ਨਰ ਨਾਰੀ ਬਿਭਚਾਰੀ ਭੀ

ਪ੍ਰੀਤਮ ਸਿੰਘ ਜੀ ਕਵੀ ਆਪਣੀ ਪੁਸਤਕ ਇਸਤਰੀਆਂ ਦਾ ਮੁਕਤੀ ਦਾਤਾ ਵਿੱਚ ਸਤੀ ਦੀਆਂ ਰਸਮਾਂ ਬਾਰੇ ਲਿਖਦੇ ਹਨ। ਜਦੋ ਕਿਸੇ ਇਸਤਰੀ ਦਾ ਪਤੀ ਚੜਾਈ ਕਰ ਜਾਂਦਾ ਤਾਂ ਉਸ ਦੀ ਪਤਨੀ ਨੂੰ ਸਤੀ ਹੋਣ ਲਈ ਮਜ਼ਬੂਰ ਕੀਤਾ ਜਾਂਦਾ ਸੀ। ਉਸ ਨੂੰ ਮੋਟੇ ਕਪੜੇ ਵਿੱਚ ਲਪੇਟ ਕੇ ਉਸ ਨੂੰ ਰੂਆ ਰੂਆ ਕੇ ਕਮਲੀ ਕਰ ਲਿਆ ਜਾਂਦਾ ਸੀ। ਫਿਰ ਇਸਤਰੀਆਂ ਇਕੱਠੀਆਂ ਹੋ ਕੇ ਚਿਖਾ ਦੇ ਦੁਆਲੇ ਚੱਕਰ ਲਗਵਾਉਦੀਆਂ ਜਦੋਂ ਚਿਖ਼ਾ ਨੂੰ ਅੱਗ ਚੜ੍ਹ ਜਾਂਦੀ ਤਾਂ ਉਸ ਵਿਚਾਰੀ ਨੂੰ ਚੁੱਕ ਕੇ ਅੱਗ ਵਿੱਚ ਸੁਟ ਦਿੰਦੀਆਂ। ਉਪਰੋ ਸੋਟਿਆਂ ਨਾਲ ਦਬਾ ਦਿੰਦੀਆ। ਇਸ ਤਰ੍ਹਾਂ ਜਿਉਂਦੀ ਨੂੰ ਮਾਰ ਕੇ ਪਤੀ ਵਰਤਾ ਆਖਦੀਆਂ। ਮਹਾਰਾਜ ਰਣਜੀਤ ਸਿੰਘ ਜੀ ਦੀ ਮੌਤ ਸਮੇਂ ਕਈ ਰਾਣੀਆਂ ਸਤੀ ਹੋ ਗਈਆ ਸਨ। ਜੋ ਇਕ ਬਹੁਤ ਮਾੜੀ ਰਸਮ ਸੀ। ਅੱਜ ਤੀਕ ਕਿਸੇ ਪਤੀ ਦੀ ਆਪਣੀ ਪਤਨੀ ਨਾਲ ਸਤੀ ਹੋਣ ਦੀ ਮਿਸਾਲ ਨਹੀ ਮਿਲਦੀ ਸੋ ਸਮਾਜ ਵਿਚ ਇਸਤਰੀ ਜਾਤੀ ਦਾ ਦਰਜਾ ਬਹੁਤ ਨੀਵਾਂ ਸੀ। ਭਾਵ ਕਈ ਸਮਾਜ ਸੁਧਾਰਕਾਂ ਨੇ ਆਪਣੀ ਸਮਰੱਥਾ ਅਨੁਸਾਰ ਇਨ੍ਹਾਂ ਕੁਰੀਤੀਆਂ ਦੇ ਖਿਲਾਫ਼ ਆਪਣੀ ਆਵਾਜ਼ ਬੁਲੰਦ ਕੀਤੀ

"ਨਾਰੀ ਨਿੰਦਾ ਮਤ ਕਰੋ ਨਾਰੀ ਨਰ ਕੀ ਖਾਨ।
ਨਾਰੀ ਤੇ ਨਰ ਉਪਜੈ ਧਰੂ ਪਹਿਲਾਦ ਸਮਾਨ।

ਸਿੱਖ ਸਮਾਜ ਦੇ ਇਤਿਹਾਸ ਵਲ ਝਾਤ ਮਾਰਿਆ ਪਤਾ ਲਗਦਾ ਹੈ ਕਿ ਸਾਰੇ ਹੀ ਗੁਰੂ ਸਾਹਿਬਾ ਨੇ ਹਮੇਸ਼ਾ ਇਸਤਰੀ ਜਾਤੀ ਪ੍ਰਤੀ ਸੰਤੁਲਿਤ ਨਜ਼ਰੀਆਂ ਰੱਖਿਆ ਹੈ। ਸਭ ਤੋਂ ਪਹਿਲਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿਚ ਲਿਖਿਆ ਹੈ-

"ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥"

ਉਸ ਨੂੰ ਮੰਦਾ ਕਿਉਂ ਆਖਿਆ ਜਾਵੇ ਜੋ ਰਾਜੇ ਗੁਰੂ, ਪੀਰਾ, ਫਕੀਰਾ, ਸੰਤਾ, ਭਗਤਾ ਦੀ ਜਨਮ ਦਾਤੀ ਹੈ। ਸ੍ਰੀ ਗੁਰੂ ਅਮਰ ਦਾਸ ਜੀ ਨੇ ਆਪਣੀ ਗੁਰਤਾ ਤੇ ਬੈਠ ਸਭ ਤੋਂ ਪਹਿਲਾ ਕੰਮ ਇਹੀ ਕੀਤਾ ਅੱਜ ਤੋਂ ਕੋਈ ਇਸਤਰੀ ਸਤੀ ਨਾ ਹੋਵੇ। ਨਾ ਕੋਈ ਚਿਖਾ ਤੇ ਚੜਨ ਲਈ ਮਜ਼ਬੂਰ ਕਰੇ। ਆਪ ਜੀ ਸਿੱਖੀ ਦੇ ਪ੍ਰਚਾਰ ਲਈ 22 ਮੰਜੀਆ ਸਥਾਪਤ ਕੀਤੀਆ। ਉਨ੍ਹਾਂ ਵਿਚੋ ਦੋ ਇਸਤਰੀਆਂ ਸਨ। ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੂੰ ਜੰਗਜੂ ਜਵਾਨਾ ਦੀ ਲੋੜ ਸ਼ੀ। ਇਸ ਕਰਕੇ ਉਨ੍ਹਾਂ ਨੇ ਭਾਈਆ ਨੂੰ ਅੰਮ੍ਰਿਤ ਛਕਾ ਕੇ ਸਿੰਘ ਸੂਰਮੇ ਤਿਆਰ ਕਰ ਲਏ ਸਨ। ਜਿਨ੍ਹਾਂ ਨੇ ਮੁਗਲਾਂ ਦੇ ਜ਼ਬਰ ਜੁਲਮ

Sri Satguru Jagjit Singh Ji Elibrary NamdhariElibrary@gmail.com

ਦੇ ਖਿਲਾਫ਼ ਲੜਾਈ ਲੜੀ। ਇਸਤਰੀਆਂ ਦੀ ਬਰਾਬਰੀ ਦਾ ਕੰਮ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਛੱਡ ਦਿੱਤਾ। ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਨਾਰੀ ਨੂੰ ਬਹੁਤ ਆਦਰ ਦਿੱਤਾ। ਉਨ੍ਹਾਂ ਨੇ ਚੰਡੀ ਦੀ ਵਾਰ, ਚੰਡੀ ਚਰਿੱਤਰ ਦੂਜਾ ਚਰਿਤ੍ਰੋ ਪਖਿਆਨ ਅਤੇ ਉਗਰਦੰਤੀ ਦੀ ਰਚਨਾ ਕਰ ਨਾਰੀ ਪਾਤਰਾ ਨੂੰ ਬਹੁਤ ਮਾਣ ਦਿਤਾ ਹੈ। ਉਨ੍ਹਾਂ ਨੇ ਇਸਤਰੀ ਜਾਤੀ ਨੂੰ ਨਿਰ-ਭੈਅ, ਨਿਸ਼ਕਾਮ, ਨਿਹ ਕਪਟ, ਪ੍ਰਚੰਡ ਤੇਜ ਵਾਲੀ ਸ਼ਕਤੀ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਇਸ ਤੋਂ ਪਤਾ ਲਗਦਾ ਹੈ ਕਿ ਦਸ਼ਮ ਪਾਤਸ਼ਾਹ ਜੀ ਨੇ ਵੀ ਇਸਤਰੀ ਜਾਤੀ ਦਾ ਬਹੁਤ ਸਨਮਾਨ ਕੀਤਾ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਾਹਮਣੇ ਦੇਸ ਦੇ ਧਾਰਮਿਕ ਰਾਜਨੀਤਕ ਅਤੇ ਸਮਾਜਿਕ ਸੁਧਾਰ ਦੀਆਂ ਵੱਡੀਆਂ ਚਣੌਤੀਆਂ ਸਨ। ਜਿਨਾਂ ਦੇ ਸੁਧਾਰ ਲਈ ਆਪ ਨੇ ਦੂਰ ਦ੍ਰਿਸ਼ਟੀ ਨਾਲ ਯਤਨ ਅਰੰਭ ਕੀਤੇ। ਸਭ ਤੋਂ ਪਹਿਲਾ ਆਪ ਨੇ ਗੁਰੂ ਗੋਬਿੰਦ ਸਿੰਘ ਜੀ ਸਿੱਖੀ ਮੁੜ ਸੁਰਜੀਤ ਕਰਨ ਹਿੱਤ 1857 ਦੀ ਵਿਸਾਖੀ ਨੂੰ ਭਾਈਆਂ ਨੂੰ ਅੰਮ੍ਰਿਤ ਛਕਾ ਕੇ ਸੰਤ ਖਾਲਸੇ ਦੀ ਸਥਾਪਨਾ ਕੀਤੀ। ਸ੍ਰੀ ਭੈਣੀ ਸਾਹਿਬ ਵਿਖੇ ਸਫੈਦ ਰੰਗ ਦਾ ਝੰਡਾ ਲਹਿਰਾਇਆ ਗਿਆ। ਜੋ ਦੇਸ ਦੀ ਆਜ਼ਾਦੀ ਦਾ ਪ੍ਰਤੀਕ ਸੀ। ਪੰਜ ਸਾਲ ਵਿਚ 7 ਲੱਖ ਨਾਮਧਾਰੀ ਸੱਜ ਗਏ। ਆਪ ਪ੍ਰਚਾਰ ਦਾ ਕੇਂਦਰ ਸ੍ਰੀ ਭੈਣੀ ਸਾਹਿਬ ਹੀ ਰੱਖਿਆ। ਸ੍ਰੀ ਸਤਿਗੁਰੁ ਰਾਮ ਸਿੰਘ ਜੀ ਨੇ ਸਮਾਜ ਵਿੱਚ ਇਸਤਰੀ ਦੀ ਹਾਲਤ ਨੂੰ ਚੰਗੀ ਤਰ੍ਹਾਂ ਸਮਝ ਲਿਆ ਸੀ। ਦੇਸ ਦੀ ਤਰੱਕੀ ਲਈ ਇਸਤਰੀ ਸਮਾਜ ਦੇ ਸੁਧਾਰ ਦੀ ਬਹੁਤ ਲੋੜ ਹੈ। ਆਪ ਅਜਿਹੇ ਮੌਕੇ ਦੀ ਭਾਲ ਵਿਚ ਸਨ।

1863 ਈ: ਦੀ ਵਿਸਾਖੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਭਾਰੀ ਮੇਲਾ ਕੀਤਾ ਗਿਆ। ਜਿਸ ਵਿਚ ਦੇਸ ਦੇ ਕੋਨੇ ਕੋਨੇ ਤੋਂ ਸੰਗਤਾਂ ਪੁਜੀਆ ਸਨ। ਜਿਸ ਵਿਚ ਪਿੰਡ ਸਿਆੜ (ਲੁਧਿਆਣਾ) ਤੋਂ ਦਸਾਨਾ ਸਿੰਘ, ਬੁੱਧ ਸਿੰਘ, ਲਾਲ ਸਿੰਘ, ਅਮਰ ਸਿੰਘ, ਭਗਵਾਨ ਸਿੰਘ, ਬੇਲਾ ਸਿੰਘ, ਰਣ ਸਿੰਘ, ਰੰਪਾ ਸਿੰਘ ਆਦਿ 25-30 ਸਰੀਰ ਮੇਲੇ ਵਿਚ ਪਹੁੰਚੇ ਸਨ। ਇਨ੍ਹਾਂ ਵਿਚ ਸ. ਰਣ ਸਿੰਘ ਪਹਿਲੀ ਵਾਰ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਇਆ ਸੀ। ਸਤਿਗੁਰੂ ਜੀ ਦੇ ਦਰਸ਼ਨ ਕਰਕੇ ਇਤਨਾ ਪ੍ਰਭਾਵਤ ਹੋਇਆ। ਉਸ ਨੇ ਭਜਨ ਪੁਛ ਲਿਆ ਅਤੇ ਅੰਮ੍ਰਿਤ ਛੱਕ ਕੇ ਨਾਮਧਾਰੀ ਸਜ ਗਿਆ। ਜਿਸ ਦੇ ਵਿਆਹ ਨੂੰ ਅਜੇ ਚਾਰ ਕੁ ਮਹੀਨੇ ਹੋਏ ਸਨ। ਕੁਝ ਦਿਨ ਸ੍ਰੀ ਭੈਣੀ ਸਾਹਿਬ ਠਹਿਰ ਕੇ ਮੇਲੇ ਦਾ ਅਨੰਦ ਮਾਣਿਆ। ਸਾਰਿਆ ਨੇ ਪਿੰਡ ਸਿਆੜ ਵਿਖੇ ਮੇਲਾ ਕਰਾਉਣ ਦਾ ਮਤਾ ਪਾਸ ਕਰਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾ ਚ ਅਰਜ਼ ਕਰ ਦਿਤੀ। ਅਰਜ਼ ਮਨਜ਼ੂਰ ਹੋਈ। ਇਕ ਜੂਨ 1863 ਦਿਨ ਸੋਮਵਾਰ ਦਾ ਮੇਲਾ ਨੀਅਤ ਕੀਤਾ ਗਿਆ। ਸਤਿਗੁਰੂ ਜੀ ਤੋਂ ਖੁਸ਼ੀਆਂ ਲੈ ਕੇ ਵਾਪਿਸ ਆ ਗਏ। ਪਿੰਡ ਆ ਕੇ ਮੇਲੇ ਦੀ ਖਬਰ ਸੁਣਾ ਦਿੱਤੀ। ਸਾਰੀ ਸੰਗਤ ਨੂੰ ਮੇਲੇ ਦੀ ਖੁਸ਼ੀ ਚੜ ਗਈ। ਸੰਗਤ ਵਲੋਂ ਮੇਲੇ ਦੀਆ ਤਿਆਰੀਆ ਹੋਣ ਲੱਗੀਆ। ਸਤਿਗੁਰੂ ਜੀ ਵਲੋਂ ਮੇਲੇ 'ਤੇ ਪਹੁੰਚਣ ਲਈ ਸੰਗਤਾ ਨੂੰ ਦੂਰ ਨੇੜੇ ਸੁਨੇਹੇ ਭੇਜੇ ਗਏ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਘੋੜਿਆਂ ਤੇ ਸਵਾਰ ਹੋ ਕੇ ਮੇਲੇ ਤੋਂ ਇਕ ਦਿਨ ਪਹਿਲਾ ਹੀ ਸਿਆੜ ਪਹੁੰਚ ਗਏ। ਆਪ ਜੀ ਦਾ ਡੇਰਾ ਸ.ਬੇਲਾ ਸਿੰਘ ਅਤੇ ਸ. ਰਣ ਸਿੰਘ ਦੀ ਹਵੇਲੀ ਵਿਚ ਸੀ। ਜਿਸ ਥਾਂ ਸੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ੍ ਸੰਤ ਸੰਤੋਖ ਮਹੰਤ ਮਲੇਰਕੋਟਲਾ ਦੀ ਦੇਖ ਰੇਖ ਜੇਠ ਯਾਦਗਾਰ ਬਣਾਈ ਗਈ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਹਜ਼ੂਰੀ ਵਿਚ ਸ਼ਾਮ ਦਾ ਦੀਵਾਨ ਲੱਗਿਆ। ਸੰਗਤਾ ਦੂਰ ਨੇੜੇ ਤੋਂ ਸਤਿਗੁਰੂ ਜੀ ਦੇ ਦਰਸ਼ਨ ਕਰਨ ਦੀਵਾਨ ਵਿਚ ਪਹੁੰਚੀਆ ਸਨ। ਉਸ ਸਮੇਂ ਔਰਤਾਂ ਨੂੰ ਇਕੱਠ ਵਿਚ ਜਾਣ ਦਾ ਰਿਵਾਜ ਨਹੀਂ ਸੀ। ਉਸ ਸਮੇਂ ਪਰਦੇ ਦਾ ਰਿਵਾਜ ਸੀ। ਉਸ ਸਮੇਂ ਆਮ ਕਹਾਵਤ ਸੀ " ਭੋਜਨ, ਭਜਨ, ਅਰ ਨਾਰੀ ਤੀਨੋ ਪਰਦੇ ਕੇ ਅਧਿਕਾਰੀ" ਭਾਵ ਔਰਤ ਪਰਦੇ ਵਿਚ ਹੀ ਗੁਲਾਮੀ ਦੀ ਜਿੰਦਗੀ ਜੀਉਣ ਲਈ ਮਜਬੂਰ ਸੀ। ਸ. ਰਣ ਸਿੰਘ ਦੇ ਅੰਮ੍ਰਿਤ ਛਕਣ ਨਾਲ ਮਾਤਾ ਖੇਮ ਕੌਰ ਪਤੀ ਦੇ ਪ੍ਰਸ਼ਾਦਾ ਪਾਣੀ ਦੀ ਸੇਵਾ ਵੀ ਨਹੀਂ ਕਰ ਸਕਦੀ ਸੀ। ਉਸ ਦੇ ਮਨ ਵਿਚ ਰੋਸ ਸੀ ਕਿ ਜੇ ਅਸੀਂ ਪਤੀਆਂ ਦੀ ਸੇਵਾ ਨਹੀਂ ਕਰ ਸਕਦੀ ਤਾਂ ਸਾਨੂੰ ਵਿਆਹ ਕਰਵਾਉਣ ਦੀ ਲੋੜ ਹੈ। ਆਪ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅੱਗੇ ਅਰਜ਼ ਕਰਨ ਦਾ ਮਨ ਬਣਾ ਲਿਆ ਸੀ।

ਮਾਈ ਖੇਮ ਕੌਰ ਸਦੀਆਂ ਪੁਰਾਣੇ ਰੀਤੀ ਰਿਵਾਜਾਂ ਨੂੰ ਤੋੜਦੇ ਹੋਏ ਸ਼ਾਮ ਦੇ ਭਰੇ ਦੀਵਾਨ ਵਿੱਚ ਨੰਗੇ ਮੂੰਹ ਜਾ ਕੇ ਸਤਿਗੁਰੂ ਰਾਮ ਸਿੰਘ ਜੀ ਅੱਗੇ ਅਰਜ਼ ਕੀਤੀ ਕਿ ਭਾਈਆ ਵਾਂਗ ਮਾਈਆ ਨੂੰ ਵੀ ਅੰਮ੍ਰਿਤ ਦੀ ਦਾਤ ਬਖਸ਼ੀ ਜਾਵੇ। ਇਸਤਰੀ ਜਾਤੀ ਨੂੰ ਪੁਰਾਣੇ ਪਰਦੇ ਵਰਗੇ ਰੀਤੀ ਰਿਵਾਜਾਂ 'ਚੋਂ ਕੱਢਿਆ ਜਾਵੇ। ਅਰਜ਼ ਮਨਜ਼ੂਰ ਹੋਈ। ਪਰ ਕੁਝ ਲੋਕੀ ਮਾਤਾ ਖੇਮ ਕੌਰ ਤੇ ਹੈਰਾਨ ਸਨ। ਆਖ ਰਹੇ ਸਨ ਕਿ ਮਾਤਾ ਖੇਮ ਕੌਰ ਨੇ ਤਾ ਸ਼ਰਮ ਹੀ ਲਾਹ ਦਿੱਤੀ ਹੈ। ਖੇਮ ਕੌਰ ਨੇ ਆਪਣੇ ਪਤੀ ਸ. ਰਣ ਸਿੰਘ ਦੀ ਬਹੁਤ ਤੌਹੀਨ ਕੀਤੀ ਹੈ। ਕੁਝ ਲੋਕੀ ਇਸ ਕਦਮ ਦੀ ਦਾਤ ਦੇ ਰਹੇ ਸਨ। ਆਖ

Sri Satguru Jagjit Singh Ji Elibrary NamdhariElibrary@gmail.com

ਰਹੇ ਸਨ ਕਿ ਮਾਤਾ ਖੇਮ ਕੌਰ ਨੇ ਪੁਰਣੇ ਰੀਤੀ ਰੀਵਾਜਾਂ 'ਤੇ ਕੁਹਾੜਾ ਮਾਰਿਆ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੂਬਾ ਕਾਹਨ ਸਿੰਘ ਨਿਹੰਗ ਚੱਕ ਮਲੇਰਕੋਟਲਾ ਨੂੰ ਹੁਕਮ ਕੀਤਾ ਕਿ ਸਵੇਰੇ ਅੰਮ੍ਰਿਤ ਤਿਆਰ ਕੀਤਾ ਜਾਵੇ। ਮਾਈਆਂ ਨੂੰ ਹੁਕਮ ਕੀਤਾ ਗਿਆ ਜਿਸ ਮਾਈ ਨੇ ਅੰਮ੍ਰਿਤ ਛਕਣਾ ਹੈ। ਉਹ ਸਵੇਰੇ ਸਣਕੇਸੀ ਇਸ਼ਨਾਨ ਕਰ ਗੁਤ ਪਰਾਂਦੇ ਖੋਲ ਡੰਡੀਆ ਸੰਗੀਫੁੱਲ ਉਤਾਰ ਕਛਹਿਰੇ ਅਤੇ ਦੇਸੀ ਕਾਟ ਦੇ ਸਫੈਦ ਬਸਤਰ ਪਹਿਨ ਕੇ ਆਉਣਾ। ਸਵੇਰੇ ਆਸਾ ਦੀ ਵਾਰ ਦੀ ਸਮਾਪਤੀ ਤੋਂ ਬਾਅਦ ਅੰਮ੍ਰਿਤ ਛਕਾਇਆ ਜਾਵੇਗਾ।

1 ਜੂਨ 1863 (ਜੇਠ ਦੀ ਪੂਰਨਮਾਸ਼ੀ 1920) ਦਿਨ ਸੋਮਵਾਰ ਨੂੰ ਸਵੇਰੇ ਆਸਾ ਦੀ ਵਾਰ ਦੀ ਸਮਾਪਤੀ ਤੋਂ ਬਾਅਦ ਸਭ ਤੋਂ ਪਹਿਲਾਂ ਮਾਤਾ ਖੇਮ ਕੌਰ ਨੂੰ ਅੰਮ੍ਰਿਤ ਛਕਾਇਆ ਗਿਆ। ਉਸ ਤੋਂ ਬਾਅਦ ਸਤਿਗੁਰੂ ਜੀ ਦੇ ਮਾਤਾ ਸੱਦਾ ਕੌਰ ਜੀ, ਮਹਿਲ ਜੱਸਾ ਜੀ, ਮਾਸੀ ਰਾਮ ਕੌਰ ਜੀ, ਬੀਬੀ ਮਾਨ ਕੌਰ ਜਿਸ ਦਾ ਪੇਕਾ ਪਿੰਡ ਸਿਆੜ ਸੀ। ਸਹੁਰਾ ਪਿੰਡ ਪਿਥੋ ਜਿਲਾ ਫ਼ਿਰੋਜ਼ਪੁਰ ਦੇ ਨਾਲ 25 ਹੋਰ ਬੀਬੀਆਂ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਮਾਈਆ ਨੂੰ ਹੁਕਮ ਕੀਤਾ ਉਸ ਨੂੰ ਸਮਕਾਲੀ ਕਵੀ ਕਾਹਲਾ ਸਿੰਘ ਨੰਗਲ ਕਲਾ ਜਿਲਾ ਲੁਧਿਆਣਾ ਕਵਿਤਾ ਰਾਹੀ ਇਸ ਤਰ੍ਹਾਂ ਬਿਆਨ ਕਰਦੇ ਹਨ।

ਪੂਰੇ ਪੰਥ ਨੂੰ ਸਤਿਗੁਰੂ ਹੁਕਮ ਦਿੰਦੇ,
ਬਾਲੀ ਕਹਿਣ ਪੁਕਾਰ ਬੀਬੀ।
ਨਾਮ ਦਾਨ ਇਸ਼ਨਾਨ ਸਣ ਕੇਸ ਕਰਨਾ
ਖੋਲ ਗੁੱਤ ਗਿਰ ਜੂੜਾ ਧਾਰ ਬੀਬੀ।
ਡੋਰੀ ਖਮਈ ਸੁਟ ਪਰਾਂਦੀਆ ਨੂੰ
ਰੱਖੀ ਪਾਸ ਤੂੰ ਪੰਜ ਕਕਾਰ ਬੀਬੀ।
ਨੱਥ, ਲੌਂਗ ਤੇ ਵਾਲੀਆਂ ਡੰਡੀਆਂ
ਜੋ ਤੀਲੀ ਲੌਂਗ ਨੂੰ ਦੇਈ ਉਤਾਰ ਬੀਬੀ।
ਛਲੇ ਪਹੁੰਚੀਆ ਹੱਥੀ ਨਾ ਮੂਲ ਪਾਈ
ਸੋਧ ਨਾਲ ਹੈ ਇਨਾ ਦੀ ਖ਼ਾਰ ਬੀਬੀ।
ਸੋਨਾ ਕੂੜ ਰੁੱਪਾ ਗੁਰਾ ਹੁਕਮ ਦਿੱਤਾ
ਕੁਝ ਸਮਝ ਲੈਣਾ ਪੈਹਨਣਹਾਰ ਬੀਬੀ।
ਬਰਦੀ ਸਫੈਦ ਸੁਥਨ ਕੁਰਤੀ ਪਹਿਰ
ਚਿੱਟੀ ਨੀਲਾ ਰੰਗ ਸਭੇ ਦੂਰ ਡਾਰ ਬੀਬੀ।
ਸੂਹਾ ਰੰਗ ਕਾਲਾ ਹਰਾ ਹੋਰ ਜਿਨਾ
ਦੇਣਾ ਸਭ ਨੂੰ ਮਨੋ ਵਿਸਾਰ ਬੀਬੀ।
ਦੇਸੀ ਕਾਟ ਸਿੱਧੀ ਸਾਰੀ ਪਹਿਰ ਲੈਣੀ
ਬਾਣਾ ਗੁਰਮੁਖੀ ਚੂੜੀਦਾਰ ਬੀਬੀ।
ਰੋਣਾ ਪਿਟਣਾ ਸਿਆਪਾ ਨਾ ਕਰੀ
ਸਕੇ ਮਰੇ ਸਾਕ ਸਨਬੰਧ ਵਿਚਾਰ ਬੀਬੀ।
ਕਾਲ੍ਹਾ ਸਿੰਘ ਮੈ ਵੇਖਿਆ ਹੁਕਮਨਾਮਾ
ਤਾ ਹੀ ਸਿੱਖਿਆ ਕਲਮ ਪਸਾਰ ਬੀਬੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਮਾਈਆਂ ਨੂੰ ਅੰਮ੍ਰਿਤ ਛਕਾ ਕੇ ਭਾਈਆ ਦੇ ਬਰਾਬਰ ਕੀਤਾ। ਜੋ ਸਮਾਜ ਦਾ ਅੱਧਾ ਹਿੱਸਾ ਪੁਰਾਣੇ ਰੀਤੀ ਰੀਵਾਜਾ ਕਰਕੇ ਗੁਲਾਮੀ ਦੀ ਜਿੰਦਗੀ ਜੀਅ ਰਿਹਾ ਸੀ। ਉਨ੍ਹਾਂ ਨੂੰ ਸਵੈਮਾਨ ਦਿੱਤਾ। ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖੀ ਦੇ ਪ੍ਰਚਾਰ ਲਈ 22 ਸੂਬੇ ਥਾਪੇ ਸਨ ਉਨ੍ਹਾਂ ਵਿਚ ਇਕ ਬੀਬੀ ਹੁਕਮੀ ਨੂੰ ਸੂਬਾ ਥਾਪਿਆ। ਜਦੋਂ ਆਪ ਪ੍ਰਦੇਸ ਵੀ ਚਲੇ ਗਏ ਤਾਂ ਆਪ ਨੇ ਹਰ ਹੁਕਮਨਾਮੇ ਵਿਚ ਮਾਈਆਂ ਦੇ ਸੁਧਾਰ ਲਈ ਹੁਕਮ ਕਰਦੇ ਰਹੇ।

ਜਿਵੇ ਹੋਰ ਹੁਣ ਇਉ ਕਰੋ ਅਠਾਰਾਂ ਬਰਸ ਦੀ ਲੜਕੀ ਦਾ ਅਨੰਦ ਪੜਾਉਣਾ ਘਟ ਨਾ ਪੜੋਨਾ ਛੋਟੀ ਹੈ ਜੇ ਕੋਈ ਬਟਾ ਕਰੇਗਾ ਬਿਆਜ ਲਹੁੰਗਾ ਕੰਨਿਆ ਦਾ ਪੈਸਾ ਲਉਗਾ ਕੰਨਿਆ ਮਾਰੂਗਾ ਉਸ ਦੇ ਨਾਲ ਨਹੀਂ ਵਰਤਣਾ ਹੁਕਮਨਾਮਾ 44।

ਇਸ ਤਰ੍ਹਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਖਰੇ ਬੈਠ ਕੇ ਜਪ ਪ੍ਰਯੋਗ ਹਿਸਾ ਲੈਣ ਦੀ ਆਗਿਆ ਦਿੱਤੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੂਬਾ ਮਹਿੰਦਰ ਕੌਰ, ਗਿਆਨਣ ਮਹਿੰਦਰ ਕੌਰ ਹੁਸਿਆਰ ਪੁਰ ਅਤੇ ਸੁਰਿੰਦਰ ਕੌਰ ਖਰਲ ਨੂੰ ਸੂਬੇ ਥਾਪ ਕੇ ਲੜੀ ਨੂੰ ਅੱਗੇ ਤੋਰਿਆ। ਲੜਕੀਆਂ ਦੇ ਵਿਦਿਅਕ ਜੱਥੇ ਬਣਾ ਕੇ ਖੁਲ ਕੇ ਵਿਚਾਰ ਰੱਖਣ ਦੀ ਆਗਿਆ ਦਿੱਤੀ। ਬੀਬੀਆਂ ਨੂੰ ਹਵਨ ਕਰਨ ਦਿਵਾਨ ਲਗਾਉਣ ਕੀਰਤਨ ਕਰਨ ਵਰਗੀ ਕਰਨ ਅਤੇ ਵੱਖਰੇ ਤੋਰ ਤੇ ਅਖੰਡ ਪਾਠ ਕਰਨ ਦੀ ਆਗਿਆ ਦਿੱਤੀ। ਅੱਜ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਅਪਾਰ ਕ੍ਰਿਪਾ ਸਦਕਾ ਨਾਮਧਾਰੀ ਸਮਾਜ ਵਿੱਚ ਬੀਬੀਆਂ ਹਰ ਖੇਤਰ ਵਿਚ ਭਾਈਆ ਨਾਲ ਮੋਢਾ ਨਾਲ ਮੋਢਾ ਲਾ ਕੇ ਤਰੱਕੀ ਕਰ ਰਹੀਆ ਹਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਅਪਾਰ ਕ੍ਰਿਪਾ ਸਦਕਾ ਮਾਤਾ ਖੇਮ ਕੌਰ ਜੀ ਨੂੰ ਦਾਤ ਦੇਣੀ ਬਨਦੀ ਹੈ। ਜਿਸ ਨੇ ਕ੍ਰਾਂਤੀਕਾਰੀ ਕਦਮ ਦੀ ਪਹਿਲ ਕੀਤੀ।

ਗੁਰਦੇਵ ਸਿੰਘ ਸਿਆੜ
ਸਟੇਟ ਅਵਾਰਡੀ

Sri Satguru Jagjit Singh Ji Elibrary NamdhariElibrary@gmail.com

A SAGA OF SRI SATGURU JAGJIT SINGH JI

–Dr. Sharada Jayagovind

Leveling of the sand dunes and regaining of land for cultivation is another achievement of Satguru Jagjit Singh ji. Today the green fields stretch for miles together on both sides of the road to Sri Jiwan Nagar with yield that is among the highest in India. As a reminder of the original desert-like landscape, only one sand dune stands in Tibba farm. This lone tibba is green with colourful flowers and exotic trees and it was the favourite haunt of Satguru Jagjit Singh ji, who observed jap paryog on this holy mound. The greenery on the sand dune proves the truth that the land where the Satguru steps turns fertile and fruitful.

There was a lighter side to the Sri Jiwan Nagar experiences which brings out the joy of living and fun, which the migrants, Baba ji, and his team shared. Satguru Partap Singh ji had bought a four-seater aeroplane to travel between Sri Bhaini Sahib and Sri Jiwan Nagar as the roads were rough during those days. Maharaj Bir Singh ji and Gurdev Singh ji would pilot it.

One day, Master Amrik Singh got into the aircraft and tried to "Ay" it. To his dismay, the aircraft roared but would not budge. He tried switching off the engine and failed miserably. Baba ji who was around came running and stopped the engine. Everyone had a hearty laugh.

Baba ji too could not fly the aircraft and with Master Amrik Singh seated beside him, he "drove" it on the ground. This aircraft was a centre of attraction for the youth and often a matter of envy too.

There was a peasant by name Amar Singh who used to ride a donkey and would announce:

"Leaving Sri Jiwan Nagar now. Reaching Sirsa and departing to destination Sri Bhaini Sahib.".

When this was reported to Babaji, he took the young peasant for a joyride in the aircraft.

to be continue.......

ਕਾਵਿ-ਕਿਆਰੀ

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ

ਪੰਜਵੇਂ ਨਾਨਕ ਦੀ ਗੱਦੀ ਦੇ ਬਣੇ ਵਾਰਸ
ਕਿਰਪਾ ਗੁਰਤਾ ਦੀ ਗੁਰੂ ਰਾਮਦਾਸ ਕੀਤੀ।
ਭਗਤਾਂ ਗੁਰੂਆਂ ਨੇ ਲਿਖੀ ਜੋ ਗੁਰਬਾਣੀ
ਸਾਰੀ ਪਿਤਾ ਨੇ ਅਰਜਨ ਦੇ ਪਾਸ ਕੀਤੀ।
ਲਾਈ ਮੋਹਰ ਤੇ ਦਿੱਤਾ ਸੀ ਵਰ ਨਾਲੇ
ਉਤੋਂ ਦੋਹਤੇ ਦੇ ਨਾਨੇ ਨੇ ਆਸ ਕੀਤੀ।
ਕਰੂ ਸਾਰੇ ਸੰਸਾਰ ਦਾ ਭਲਾ ਏਹੋ
ਸਤਿਆ ਪਾ ਕੇ ਇਹ ਅਰਦਾਸ ਕੀਤੀ।

ਧਨੀ ਧਰਮ ਦੇ ਸ਼ਾਂਤੀ ਦੇ ਪੁੰਜ ਪੰਜਵੇਂ
ਧਰਮ ਰੱਖਣ ਦਾ ਗੁਰਾਂ ਪ੍ਰਚਾਰ ਕੀਤਾ।
ਸੇਵਾ ਸਿਮਰਨ ਨੂੰ ਰੱਖਕੇ ਮੁੱਖ ਸਤਿਗੁਰ
ਅੰਮ੍ਰਿਤਸਰ ਸਰੋਵਰ ਤਿਆਰ ਕੀਤਾ।
ਕੋੜੀ ਪਿੰਗਲੇ ਦਿੱਤੇ ਬਣਾ ਕੁੰਦਨ
ਦੁੱਖ ਕਟਕੇ ਤੇ ਸਰਸ਼ਾਰ ਕੀਤਾ।
ਸ਼ਰਧਾ ਨਾਲ ਸੀ ਜਿੰਨੇ ਇਸ਼ਨਾਨ ਕੀਤਾ
ਬੇੜਾ ਸਿਦਕ ਦਾ ਭਵਜਲੋਂ ਪਾਰ ਕੀਤਾ।

ਹਰੀਮੰਦਰ ਸਰੋਵਰ ਜੋ ਸੋਭਦਾ ਹੈ
ਸੇਵਾ ਏਸਦੀ ਹੱਥੀਂ ਨਿਭਾਈ ਸਤਿਗੁਰ।
ਮੀਆਂ ਮੀਰ ਤੋਂ ਨੀਂਹ ਰਖਾਈ ਇਸਦੀ
ਏਥੇ ਬੈਠ ਕੇ ਬੀੜ ਸਜਾਈ ਸਤਿਗੁਰ।
ਪੰਗਤ ਵਿੱਚੋਂ ਵਖਰੇਵੇਂ ਨੂੰ ਮੇਟ ਦਿੱਤਾ
ਰੀਤ ਲੰਗਰ ਦੀ ਏਦਾਂ ਚਲਾਈ ਸਤਿਗੁਰ।
ਦਰਜਾ ਦੇ ਗੁਰਬਾਣੀ 'ਚ ਦਰਜ ਕੀਤਾ
ਹਰ ਮਜ਼ਬ ਨੂੰ ਦਿੱਤੀ ਵਡਿਆਈ ਸਤਿਗੁਰ।

ਜਸ ਫੈਲਿਆ ਵੇਖ ਕੇ ਸਤਿਗੁਰਾਂ ਦਾ
ਮੁਸਲਮਾਨ ਆ ਵੇਖ ਸੜਣ ਲੱਗੇ।
ਮੀਆਂ ਮੀਰ ਨੂੰ ਜਦੋਂ ਮੁਰੀਦ ਤੱਕਿਆ
ਮੁੱਲਾਂ ਨਾਲ ਫ਼ਕੀਰ ਦੇ ਲੜਨ ਲੱਗੇ।
ਖੁਸਰੋ ਦੀ ਬਗ਼ਾਵਤ ਦਾ ਦੋਸ਼ ਮੜਿਆ
ਜਹਾਂਗੀਰ ਨੂੰ ਗੁੱਸੇ ਜਾਂ ਚੜ੍ਹਣ ਲੱਗੇ।
ਪੈਕੇ ਈਰਖਾ ਵਾਲੀ ਵਲਟੋਹੀ ਅੰਦਰ
ਤੱਤੇ ਪਾਣੀ ਦੇ ਵਾਂਗ ਉਹ ਕੜ੍ਹਣ ਲੱਗੇ।

ਜਬਰ ਜ਼ੁਲਮ ਤਾਈਂ ਠਲ ਪੌਣ ਖਾਤਰ
ਚਾਲੇ ਗੁਰੂ ਲਹੌਰ ਨੂੰ ਪੌਣ ਲੱਗੇ।
ਗੱਦੀ ਬਖਸ਼ ਕੇ ਹਰਗੋਬਿੰਦ ਜੀ ਨੂੰ
ਗਲ ਭਾਣੇ ਦੀ ਸਾਰੀ ਸਮਝੌਣ ਲੱਗੇ।
ਸਿੱਖ ਧਰਮ ਨੂੰ ਤੁਸਾਂ ਨੇ ਕਾਇਮ ਰੱਖਣਾ
ਵਾਕ ਮੁਖ ਤੋਂ ਗੁਰੂ ਫਰਮੌਣ ਲੱਗੇ।
ਭਾਣੇ ਵਿੱਚ ਬਲੀਦਾਨ ਦੀ ਭੇਂਟ ਚੜ੍ਹਨਾ
ਏਸ ਥਾਂ ਨਹੀਂ ਪਰਤਕੇ ਔਣ ਲੱਗੇ।

ਜਹਾਂਗੀਰ ਵਜ਼ੀਰਾਂ ਸੰਗ ਗੋਂਦ ਗੁੰਦੀ
ਹੁਕਮ ਆਖਕੇ ਕਰੜਾ ਸੁਨੌਣ ਲੱਗਾ।
ਤਵੀ ਤਾਈ ਤੇ ਬਾਕੇ ਅੰਗ ਥੱਲੇ
ਉਤੇ ਗੁਰਾਂ ਦੇ ਤਾਈ ਬਠੌਣ ਲੱਗਾ।
ਭਾਣਾ ਹੱਸ ਕੇ ਮੰਨਿਆਂ ਗੁਰੂ ਅਰਜਨ
ਤੱਤੀ ਤਵੀ ਤੇ ਚੌਂਕੜਾ ਲੌਣ ਲੱਗਾ।
ਨਿੱਤ ਝੂਲਦਾ ਸੀਸ ਤੇ ਚੌਰ ਜਿੱਥੇ
ਤਤੀ ਰੇਤ ਪਾਪੀ ਚੰਦੂ ਪੌਣ ਲੱਗਾ।

ਸੋਲਾਂ ਸੌ ਤਰੇਠ ਸੀ ਜੇਠ ਸੁਦੀ
ਕਹਿਰ ਵਰਤਿਆ ਸਾਰਾ ਜਹਾਨ ਰੋਇਆ।
ਪਸ਼ੂ ਪੰਛੀ ਇਹ ਵੇਖਕੇ ਜ਼ੁਲਮ ਰੋਏ
ਰੋਈ ਧਰਤੀ ਤੇ ਨਾਲੇ ਅਸਮਾਨ ਰੋਇਆ।
ਇੱਕ ਰੋਏ ਨਹੀਂ ਚੰਦੂ ਜਹਾਂਗੀਰ ਦੋਵੇਂ
ਆਇਆ ਦੁਨੀਆ ਤੇ ਹਰ ਇਨਸਾਨ ਰੋਇਆ।
ਜ਼ਬਰ ਸਬਰ ਦੀ ਵੇਖਕੇ ਜੰਗ ਹੁੰਦੀ
ਹਿੰਦੂ ਸਿੱਖ ਮੋਮਨ ਮੁਸਲਮਾਨ ਰੋਇਆ।

ਰਾਵੀ ਖਹਿ ਕੇ ਕਿਲੇ ਦੇ ਨਾਲ ਵਗਦੀ
ਕਰਨ ਖਾਤਰ ਇਸ਼ਨਾਨ ਦਾਤਾਰ ਚੱਲੇ।
ਟੁੱਭੀ ਲਾਕੇ ਰਾਵੀ ਦਰਿਆ ਅੰਦਰ
ਨਾਸ਼ਵਾਨ ਇਹ ਛੱਡ ਸੰਸਾਰ ਚੱਲੇ।
ਰਹੂ ਚਮਕਦਾ ਭਾਨੀ ਦਾ ਭਾਨ ਜੱਗ 'ਤੇ
ਜਿਹੜੇ ਧਰਮ ਖਾਤਰ ਆਪਾ ਵਾਰ ਚੱਲੇ।
'ਪ੍ਰੀਤ' ਪਾ ਕੇ ਗੀਤ ਕੁਰਬਾਨੀਆਂ ਦੀ
ਮੁੱਢ ਬੰਨ ਸ਼ਹੀਦੀ ਅਵਤਾਰ ਚੱਲੇ।

–ਗੁਰਦਿਆਲ ਸਿੰਘ ਢਿੱਲੋਂ ਪ੍ਰੀਤ

Sri Satguru Jagjit Singh Ji Elibrary NamdhariElibrary@gmail.com

ਅੜਬੰਗੀ (ਨਾਵਲ)

✍-ਸੰਤ ਇੰਦਰ ਸਿੰਘ ਚੱਕ੍ਰਵਰਤੀ

"ਫਿਰ ਮੇਰੇ ਲਈ ਕੀ ਹੁਕਮ ਹੈ ।

"ਤੁਸੀਂ ਪਾਪਾ ਜੀ ਨੂੰ ਸਿਰਫ਼ ਇਹ ਆਖ ਦੇਵੋ ਕਿ ਮੈਂ ਨਹੀਂ ਜਾਣਦਾ ਮੈਂ ਭੰਗ ਦੀ ਡੰਗ ਦੇ ਲੋਰ ਵਿਚ ਕੀ ਕਰ ਬੈਠਾ ਹਾਂ। ਸਰਕਾਰ ਮੈਨੂੰ ਮਾਫ਼ ਕਰ ਦੇਵੇ? ਬੱਸ ਇਹ ਕਹਿਣ ਤੇ ਪਾਪਾ ਤੁਹਾਡਾ ਕੇਸ ਵਾਪਸ ਲੈ ਲੈਣਗੇ, ਉਨ੍ਹਾਂ ਦਾ ਖਿਆਲ ਤੁਹਾਨੂੰ ਪੁਲੀਸ ਸਰਵਿਸ ਵਿਚ ਲੈਣ ਦਾ ਵੀ ਹੈ। ਉਨ੍ਹਾਂ ਕੋਲ ਤੁਸੀਂ ਇਨਸਪੈਕਟਰ ਹੋ ਕੇ ਕੰਮ ਕਰ ਸਕਦੇ ਹੋ। ਅਗਾਹਾਂ ਨੂੰ ਤੁਹਾਡੀ ਤਰੱਕੀ ਦਾ ਰਾਹ ਖੁੱਲ੍ਹਾ ਹੈ। ਜੇ ਤੁਹਾਨੂੰ ਪ੍ਰਵਾਨ ਹੋਵੇ ਤਾਂ ਮੈਂ ਤੁਹਾਡੇ ਨਾਲ ਸ਼ਾਦੀ ਕਰਾਉਣ ਲਈ ਪਾਪਾ ਜੀ ਨੂੰ ਰਾਜੀ ਕਰ ਲਵਾਂਗੀ। ਇਵੇਂ ਐਸ਼ ਨਾਲ ਜ਼ਿੰਦਗੀ ਸਰਵ ਕਰੋ। ਛੱਡੋ ਪਰੇ ਕੀ ਲੈਣਾ ਜੇ, ਇਨ੍ਹਾਂ ਭੁੱਖ ਨੰਗੇ ਸਰਕਾਰ ਦੇ ਬਾਗੀ ਕੂਕਿਆਂ ਤੋਂ ?

"ਮਿਸ ਸੋਫੀਆ। ਇਹ ਗੱਲਾਂ ਮੈਂ ਇਕ ਅਬਲਾ ਛੋਕਰੀ ਦੇ ਮੂੰਹੋਂ ਸੁਣ ਕੇ ਬਰਦਾਸ਼ਤ ਕਰ ਲਈਆਂ ਨੇ। ਜੇ ਕੋਈ ਹੋਰ ਕਰਦਾ ਤਦ ਪਤਾ ਨਹੀਂ ਮੈਂ ਕੀ ਕਰ ਬੈਠਦਾ। ਚੰਗਾ ਅਹਿਸਾਨ ਚੁਕਾਣ ਆਈ ਹੈ ? ਕੀ ਅੱਜ ਤੀਕਰ ਕਿਸੇ ਕੂਕੇ ਨੂੰ ਆਪਣੇ ਪਾਪਾ ਤੋਂ ਮਾਫੀ ਮੰਗਦਾ ਸੁਣਿਆ ਜੇ ? ਮੇਰੇ ਸਬੰਧੀ ਤੁਹਾਨੂੰ ਇਹ ਖ਼ਿਆਲ ਪੈਦਾ ਹੀ ਕਿਉਂ ਹੋਇਆ?

ਇਕ ਪਾਸੇ ਸਾਰੀ ਦੁਨੀਆ ਦੀ ਦੌਲਤ ਤੇ ਰਾਜ ਹੋਵੇ, ਦੂਜੇ ਪਾਸੇ ਭੁੱਖ-ਨੰਗ ਤੇ ਕੂਕਿਆਂ ਦਾ ਮੈਲਾ ਚੁੱਕਣ ਦਾ ਕੰਮ ਕਿਉਂ ਨਾ ਹੋਵੇ, ਸਿੱਖ ਇਸ ਨੂੰ ਆਪਣੇ ਧੰਨਭਾਗ ਸਮਝ ਕੇ ਕਰੇਗਾ। ਮੈਂ ਹੈਰਾਨ ਹਾਂ, ਪਤਾ ਨਹੀਂ ਮੇਰੇ ਦਿਲ ਦੀ ਕਿਸ ਨੁੱਕਰ ਵਿਚ ਕਮਜ਼ੋਰੀ ਦਾ ਕੋਈ ਸੂਖਮ ਅੰਸ ਲੁਕਿਆ ਹੋਇਆ ਹੈ, ਜਿਸ ਦੇ ਅਸਰ ਹੇਠ, ਇਹ ਨਿਕੰਮੀਆਂ ਤੇ ਬੇ-ਇੱਜ਼ਤ ਗੱਲਾ ਮੈਨੂੰ ਸੁਨਾਉਣ ਦਾ ਤੁਹਾਨੂੰ ਹੌਂਸਲਾ ਪਿਆ ਹੈ। ਸੋਫੀਆ! ਜਾਓ, ਜਾ ਕੇ ਪਾਪਾ ਨੂੰ ਆਖ ਦੇਵੋ ਨਾ ਮੁੱਕਰਿਆ ਹਾਂ ਨਾ ਹੁਣ ਮੁਕਰਾਂਗਾ। ਗੇਂਦਾ ਮੈਂ ਮਾਰਿਆ ਹੈ ਅਤੇ ਜਾਣ ਬੁੱਝ ਕੇ ਮਾਰਿਆ ਹੈ। ਅੱਗੇ ਤਾਂ ਮੈਂ ਕੁਝ ਕੁਝ ਬਚਣ ਦੀਆਂ ਸਬੀਲਾ ਵੀ ਸੋਚ ਰਿਹਾ ਸੀ ਪਰ ਹੁਣ ਮੈਂ ਜੀਵਨ ਨਾਲੋਂ ਮੌਤ ਨੂੰ ਹੀ ਤਰਜੀਹ ਦਿਆਂਗਾ। ਸ਼ੁਕਰ ਹੈ, ਜੇ ਕਿਤੇ ਇਹੀ ਗੱਲਾਂ ਮੈਨੂੰ ਤੇਰੇ ਪਾਪਾ ਕਹਿ ਨਹੀਂ ਬੈਠੇ, ਤਦ ਤਾਂ ਮੇਰੇ ਕਤਲਾਂ ਦੀ ਗਿਣਤੀ ਵਿਚ ਇਕ ਵਾਧਾ ਹੋਰ ਹੋ ਜਾਂਦਾ। ਮੈਂ ਤੁਹਾਨੂੰ ਨਹੀਂ ਆਖ ਸਕਦਾ, ਸਿਰਫ ਇਹ ਬੇਨਤੀ ਕਰਦਾ ਹਾਂ ਕਿ -

ਮਿਸ ਸੋਫੀਆ। ਮੇਰੀ ਬਹੁਤ ਚੰਗੀ ਭੈਣ ਸੋਫੀਆ!! ਅਫਸੋਸ ਕਿ ਮੈਂ ਤੇਰੀ ਕਿਸੇ ਵੀ ਆਗਿਆ ਦਾ ਪਾਲਣਾ ਨਹੀਂ ਕਰ ਸਕਦਾ। ਇਸ ਲਈ ਆਪਣੇ ਇਸ ਬੇਵਕੂਫ ਤੇ ਪਾਗਲ ਵੀਰ ਤੇ ਤਰਸ ਕਰ ਕੇ ਜਲਦੀ ਤੋਂ ਜਲਦੀ ਉੱਠ ਕੇ ਚਲੀ ਜਾਹ! ਕਿਤੇ ਮੇਰੇ ਜ਼ਬਤ ਦਾ ਹੜ੍ਹ ਸਬਰ ਦੀ ਹੱਦ ਟੱਪ ਕੇ ਸੱਚਮੁੱਚ ਹੀ ਤੇਰੇ ਪਾਪਾ ਦਾ ਕਿਹਾ ਪੂਰਾ ਕਰ ਕੇ ਕੋਈ ਬੇਵਕੂਫੀ ਨਾ ਕਰ ਬੈਠੇ।

ਜਾਓ।

ਜਲਦੀ ਚਲੇ ਜਾਓ।"

"ਕੀ ਇਹ ਤੁਹਾਡਾ ਆਖ਼ਰੀ ਫ਼ੈਸਲਾ ਹੈ। ਚੰਗੀ ਤਰ੍ਹਾਂ ਸੋਚ ਲਓ। ਇਕ ਪਾਸੇ ਲਾਜਵਾਬ, ਬੇਹਤਰੀਨ ਹੁਸਨ ਹੈ, ਇਜ਼ਤ ਹੈ, ਦੂਜੇ ਪਾਸੇ ਜੇਲ੍ਹ ਹੈ, ਭੁੱਖ ਨੰਗ ਹੈ ਅਤੇ ਫਾਂਸੀ ਹੈ।"

ਚਲਦਾ.............

ਸਤਿਜੁਗ ਆਪ ਪੜ੍ਹੋ ਤੇ ਹੋਰਾਂ ਨੂੰ ਵੀ ਪੜ੍ਹਾਓ।

Sri Satguru Jagjit Singh Ji Elibrary NamdhariElibrary@gmail.com

ਸੁੱਚੇ ਮੋਤੀ

- ਅਬ ਤੋਂ ਕੋਈ ਮਜ਼ਬ ਐਸਾ ਭੀ ਚਲਾਇਆ ਜਾਏ ਜਿਸਮੇਂ ਇਨਸਾਨ ਕੋ ਇਨਸਾਨ ਬਣਾਇਆ ਜਾਏ।

  -ਗੋਪਾਲ ਦਾਸ ਨੀਰਜ਼

- ਫਰਿਸ਼ਤੇ ਸੇ ਬਿਹਤਰ ਹੈ, ਇਨਸਾਨ ਬਣਨਾ, ਮਗਰ ਇਸ ਮੇਂ ਲਗਤੀ ਹੈ ਮਿਹਨਤ ਜਿਆਦਾ।

  -ਹਾਲੀ

- ਕਵਿਤਾ ਦਾ ਜਾਮਾ ਪਹਿਨ ਕੇ ਸੱਚ ਹੋਰ ਵੀ ਚਮਕ ਉੱਠਦਾ ਹੈ।

  -ਪੋਪ

- ਜਿਸ ਤੋਂ ਆਨੰਦ ਦੀ ਪ੍ਰਾਪਤੀ ਨਾ ਹੋਵੇ ਉਹ ਕਵਿਤਾ ਨਹੀਂ।

  -ਜੋਬਰਟ

- ਹਿਰਦੇ ਤੋਂ ਨਿਕਲੀ ਹਰ ਗੱਲ ਕਵਿਤਾ ਹੀ ਹੁੰਦੀ ਹੈ।

- ਉਹ ਕਦੇ ਭੁੱਖਾ ਨਹੀਂ ਮਰਦਾ, ਜਿਸਦੇ ਹੱਥ ਵਿੱਚ ਇੱਕ ਵੀ ਕਲਾ ਹੈ।

- ਮੌਤ ਦਾ ਸਮਾਨ ਖਰੀਦਣ ਅਤੇ ਵਰਤਣ ਵਾਲਿਆਂ ਨਾਲੋਂ ਵੀ ਵੱਡਾ ਦੋਸ਼ੀ ਮੌਤ ਦਾ ਸਮਾਨ ਵੇਚਣ ਵਾਲਾ ਹੈ।

- ਕਮਜ਼ੋਰੀ ਗੁਨਾਹ ਨਹੀਂ, ਮੂਰਖਤਾ ਮਾਫ਼ ਕਰਨ ਯੋਗ ਹੈ, ਪਰ ਬੇਈਮਾਨੀ ਦੰਡ ਯੋਗ ਹੈ।

- ਸੰਗੀਤ ਦਾ ਜਾਮਾ ਪਹਿਨ ਕੇ ਕਵਿਤਾ ਸੁਗੰਧਿਤ ਹੋ ਜਾਂਦੀ ਹੈ।

Sri Satguru Jagjit Singh Ji Elibrary NamdhariElibrary@gmail.com

ਬੱਚਿਆਂ ਦਾ ਪੰਨਾ

ਸ਼ਹੀਦੀ
ਸਤਿਗੁਰੂ ਅਰਜਨ ਦੇਵ ਜੀ

ਮੁਗਲ ਬਾਦਸ਼ਾਹ ਜਹਾਂਗੀਰ ਦਾ ਰਾਜ ਸੀ। ਜਹਾਂਗੀਰ ਦੇ ਪੁੱਤਰ ਖੁਸਰੋ ਨੇ ਆਪਣੇ ਪਿਤਾ ਖਿਲਾਫ ਬਗਾਵਤ ਕਰ ਦਿੱਤੀ ਅਤੇ ਆਗਰੇ ਤੋਂ ਭੱਜ ਗਿਆ। ਉਸਨੇ ਕੁਝ ਸਮਾਂ ਗੋਇੰਦਵਾਲ ਵੀ ਆਸਰਾ ਲਿਆ। ਚੰਦੂ ਜੋ ਕਿ ਪਹਿਲਾਂ ਹੀ ਸਤਿਗੁਰੂ ਜੀ ਦਾ ਦੁਸ਼ਮਣ ਸੀ, ਉਸ ਨੇ ਜਹਾਂਗੀਰ ਦੇ ਕੰਨ ਭਰ ਦਿਤੇ। ਜਹਾਂਗੀਰ ਬਹੁਤ ਗੁੱਸੇ ਹੋਇਆ ਅਤੇ ਸਤਿਗੁਰੂ ਜੀ ਦੀ ਗ੍ਰਿਫਤਾਰੀ ਦਾ ਹੁਕਮ ਜਾਰੀ ਕਰ ਦਿੱਤਾ।

ਸਤਿਗੁਰੂ ਜੀ ਨੂੰ ਲਾਹੌਰ ਬੁਲਵਾ ਕੇ ਬੜੇ ਤਸੀਹੇ ਦਿਤੇ ਗਏ। ਜੇਠ ਦੀ ਝੁਲਸਦੀ ਧੁੱਪ ਵਿੱਚ ਸਤਿਗੁਰੂ ਜੀ ਨੂੰ ਉਬਲਦੀਆਂ ਦੇਗਾਂ ਵਿੱਚ ਬਿਠਾਇਆ ਗਿਆ। ਤੱਤੀ ਤਵੀ 'ਤੇ ਬਿਠਾ ਕੇ ਉਪਰੋਂ ਤੱਤੀ ਰੇਤ ਦੇ ਕੜਛੇ ਪਾਏ ਗਏ। ਗੁਰੂ ਜੀ ਬਿਲਕੁਲ ਨਾ ਡੋਲੇ । ਫੇਰ ਗੁਰੂ ਜੀ ਨੂੰ ਗਊ ਦੇ ਚਮੜੇ ਵਿੱਚ ਮੜ੍ਹਨ ਦਾ ਹੁਕਮ ਹੋਇਆ।

ਸਤਿਗੁਰੂ ਜੀ ਸਾਰੀਆਂ ਤਕਲੀਫਾਂ ਸਹਿ ਸਕਦੇ ਸਨ ਪਰ ਚਮੜੇ ਵਿੱਚ ਮੜ੍ਹਿਆ ਜਾਣਾ ਉਹਨਾਂ ਲਈ ਤਕਲੀਫਦੇਹ ਸੀ। ਇਸ ਨਾਲੋਂ ਉਹਨਾਂ ਨੇ ਆਪਣਾ ਸਰੀਰ ਤਿਆਗਣਾ ਹੀ ਠੀਕ ਸਮਝਿਆ।

ਸਤਿਗੁਰੂ ਜੀ ਰਾਵੀ ਦਰਿਆ ਵਿੱਚ ਇਸ਼ਨਾਨ ਕਰਨ ਦੀ ਇੱਛਾ ਪ੍ਰਗਟ ਕੀਤੀ। ਹਾਕਮਾਂ ਨੇ ਸੋਚਿਆ ਕਿ ਠੰਡਾ ਪਾਣੀ ਗੁਰੂ ਜੀ ਨੂੰ ਜ਼ਿਆਦਾ ਤਕਲੀਫ ਦੇਵੇਗਾ। ਇਹ ਸੋਚ ਕੇ ਇਸ਼ਨਾਨ ਕਰਨ ਦੀ ਇਜਾਜਤ ਦੇ ਦਿੱਤੀ। ਸਤਿਗੁਰੂ ਜੀ ਰਾਵੀ 'ਤੇ ਇਸ਼ਨਾਨ ਕਰਨ ਗਏ। ਫਿਰ ਕਿਸੇ ਨੂੰ ਦਰਸ਼ਨ ਨਾ ਹੋਏ। ਸਤਿਗੁਰੂ ਜੀ ਦਾ ਸਰੀਰ ਅਲੋਪ ਹੋ ਗਿਆ, ਹਾਕਮਾਂ ਨੂੰ ਲੱਭਾ ਨਹੀਂ।

ਸਤਿਗੁਰੂ ਜੀ ਸੱਤ, ਧਰਮ ਅਤੇ ਬਚਨ ਪਾਲਣ ਹਿਤ ਸ਼ਹੀਦੀ ਪ੍ਰਾਪਤ ਕਰ ਲਈ ।

ਸ੍ਰੀ ਗੁਰੂ ਅਰਜਨ ਦੇਵ ਜੀ ਪਹਿਲੋਂ ਹੀ ਆਪਣੇ ਸਪੁਤੱਰ ਸ੍ਰੀ (ਗੁਰੂ) ਹਰਿਗੋਬਿੰਦ ਜੀ ਨੂੰ ਆਪਣਾ ਉੱਤਰਾਧਿਕਾਰੀ ਥਾਪੇ ਜਾਣ ਦਾ ਇਸ਼ਾਰਾ ਕਰ ਗਏ ਸਨ । ਜਿਸ ਵੇਲੇ ਸ੍ਰੀ ਸਤਿਗੁਰੂ ਅਰਜਨ ਦੇਵ ਜੀ ਨੇ ਦੇਹ ਦਾ ਉਹਲਾ ਕੀਤਾ, ਉਸੇ ਵੇਲੇ ਤੋਂ ਸ੍ਰੀ ਸਤਿਗੁਰੂ ਹਰਿਗੋਬਿੰਦ ਜੀ ਗੱਦੀ 'ਤੇ ਬਿਰਾਜਮਾਨ ਹੋ ਗਏ ਕਿਉਂਕਿ ਗੁਰ-ਗੱਦੀ ਇਕ ਮਿੰਟ ਲਈ ਵੀ ਖਾਲੀ ਨਹੀਂ ਰਹਿੰਦੀ ।

Sri Satguru Jagjit Singh Ji Elibrary NamdhariElibrary@gmail.com

ਖ਼ਬਰਨਾਮਾ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਤੀਸਰਾ ਆਸਟ੍ਰੇਲੀਅਨ ਦੌਰਾ ਮਈ 2019

(ਗੁਰੂ ਨਾਨਕ ਦੇਵ ਜੀ ਤੇ ਸਤਿਗੁਰੂ ਹਰੀ ਸਿੰਘ ਜੀ ਦੀਆਂ ਪ੍ਰਕਾਸ਼ ਸ਼ਤਾਬਦੀਆਂ,ਆਸਾ ਦੀ ਵਾਰ,ਨਾਮ ਸਿਮਰਨ,ਕਥਾ ਕੀਰਤਨ, ਮੈਲਬੋਰਨ ਵਿਖੇ ਜਗਜੀਤ ਮੰਦਰ ਦਾ ਉਦਘਾਟਨ,ਵਿਦਿਅਕ ਸੰਮੇਲਨ,ਖੇਡਾਂ,ਬੱਚਿਆਂ ਨੂੰ ਸਤਿਗੁਰੂ ਜੀ ਦੀ ਨੇੜਤਾ,ਮਾਸ ਸ਼ਰਾਬ ਤੇ ਭੈੜੀਆਂ ਆਦਤਾਂ ਤੋਂ ਬਚੇ ਰਹਿਣ ਦਾ ਤੇ ਗੁਰਸਿਖੀ ਜੀਵਨ ਦੇ ਪਾਂਧੀ ਬਣਨ ਦਾ ਸਤਿਗੁਰੂ ਜੀ ਦਾ ਸ਼ੁੱਭ ਉਪਦੇਸ਼। ਆਸਟ੍ਰੇਲੀਆ ਦੇ ਪਰਥ, ਬ੍ਰਿਸਬੇਨ,ਸਿਡਨੀ ਅਤੇ ਮੈਲਬੋਰਨ ਸ਼ਹਿਰ ਦੇ ਦੌਰੇ।)

(ਭਾਗ ਪਹਿਲਾ-ਪਰਥ ਸ਼ਹਿਰ)

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸਾਧ ਸੰਗਤ ਦੀਆਂ ਅਰਜ਼ਾਂ ਬੇਨਤੀਆਂ ਨੂੰ ਪ੍ਰਵਾਨ ਕਰਦਿਆਂ ਸਾਧ ਸੰਗਤ ਦੇ ਭਲੇ ਲਈ 3 ਮਈ ਨੂੰ ਆਪਣੇ ਸਿੱਖਾਂ ਸੇਵਕਾਂ ਸਮੇਤ 4 ਮਈ ਨੂੰ ਆਸਟ੍ਰੇਲੀਆ ਦੇ ਸ਼ਹਿਰ ਪਰਥ ਵਿਖੇ ਦਰਸ਼ਨ ਦੇਣ ਦੀ ਕਿਰਪਾਲਤਾ ਕੀਤੀ।ਆਪ ਜੀ ਨਾਲ ਭਾਰਤ ਤੋਂ ਜਿੰਨ੍ਹਾਂ ਸਿੱਖਾਂ ਸੇਵਕਾਂ ਨੂੰ ਜਾਣ ਦਾ ਸੁਭਾਗ ਪ੍ਰਾਪਤ ਹੋਇਆ ਉਹਨਾਂ ਵਿੱਚ ਸ੍ਰੀ ਮਾਤਾ ਗੁਰਸ਼ਰਨ ਕੌਰ ਜੀ,ਹਜ਼ੂਰੀ ਸੇਵਕ ਕਰਤਾਰ ਸਿੰਘ,ਸੰਤ ਆਸਾ ਸਿੰਘ,ਲਾਂਗਰੀ ਵਰਿਆਮ ਸਿੰਘ,ਹਜ਼ੂਰੀ ਰਾਗੀ ਜਥਾ ਸਰਵ ਸ੍ਰੀ ਬਲਵੰਤ ਸਿੰਘ,ਹਰਪ੍ਰੀਤ ਸਿੰਘ ਸੋਨੂੰ,ਸਤਨਾਮ ਸਿੰਘ,ਹਜ਼ੂਰੀ ਫੋਟੋਗ੍ਰਾਫਰ ਸੂਰਤਪਾਲ ਸਿੰਘ,ਨਰਿੰਦਰ ਸਿੰਘ ਹੈਪੀ ਬੰਗਲੌਰ,ਕਥਾ ਵਾਚਕ ਸੰਤ ਨਿਸ਼ਾਨ ਸਿੰਘ ਜੀ ਸਵਾਮੀ ਬਲਵੀਰ ਸਿੰਘ ਜੀ ਤੇ ਪੰਡਤ ਯਾਦਵਿੰਦਰ ਸਿੰਘ ਜੀ ਤੋਂ ਇਲਾਵਾ ਸੁਖਵਿੰਦਰ ਸਿੰਘ ਲਾਇਲ ਸਨ।

ਪਰਥ: 4ਮਈ ਤੋਂ 6ਮਈ ਸ੍ਰੀ ਸਤਿਗਰੂ ਸੱਚੇ ਪਾਤਿਸ਼ਾਹ ਜੀ ਪਰਥ ਵਿਖੇ ਦਰਸ਼ਨ ਦੇਣ ਦੀ ਕਿਰਪਾਲਤਾ ਕੀਤੀ।ਏਅਰਪੋਰਟ ਤੇ ਸਾਧ ਸੰਗਤ ਵੱਲੋਂ ਆਪ ਜੀ ਦਾ ਨਿੱਘਾ ਸਵਾਗਤ ਕੀਤਾ ਗਿਆ।ਜਿੰਨੇ ਕੁ ਨਾਮ ਮੈਨੂੰ ਯਾਦ ਰਹਿ ਸਕੇ ਏਅਰਪੋਰਟ 'ਤੇ ਆਈ ਸੰਗਤ ਵਿਚਲੇ ਉਹ ਹਨ ਸੂਬਾ ਸਤਨਾਮ ਸਿੰਘ ਜੀ, ਸਰਵ ਸੰਤ ਹਰਨਾਮ ਸਿੰਘ,ਹੀਰਾ ਸਿੰਘ,ਦੀਵਾਨ ਸਿੰਘ,ਅਜੀਤਪਾਲ ਸਿੰਘ,ਗੁਰਦੇਵ ਸਿੰਘ, ਗੁਰਦਿੱਤ ਸਿੰਘ ਤੇ ਦਰਸ਼ਨ ਸਿੰਘ ਆਦਿ।ਸਤਿਗੁਰੂ ਜੀ ਦੀ ਗੱਡੀ ਨੌਜਵਾਨ ਦੀਵਾਨ ਸਿੰਘ ਸਪੁੱਤਰ ਸੰਤ ਦਰਸ਼ਨ ਸਿੰਘ ਅਮਰਾਸਰ ਚਲਾ ਰਿਹਾ ਸੀ।ਏਅਰਪੋਰਟ ਤੋਂ ਆਪ ਜੀ ਸਿੱਧਾ ਹੀਰਾ ਸਿੰਘ ਦੇ ਗ੍ਰਹਿ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ ਏਥੇ ਹੀ ਆਪ ਜੀ ਦਾ ਡੇਰਾ ਸੀ।ਡੇਰੇ ਦੇ ਬਾਹਰ ਖੜੀ ਸਾਧ ਸੰਗਤ ਮਾਈ,ਭਾਈ ਤੇ ਬੱਚਿਆਂ ਦੇ ਚਿਹਰੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਗਦ ਗਦ ਹੋ ਉੱਠੇ।ਸਾਰਿਆਂ ਵਾਰੀ ਵਾਰੀ ਨਮਸਕਾਰ ਕੀਤੀ ਕਈ ਫੁੱਲਾਂ ਦੇ ਗੁਲਦਸਤੇ ਲੈ ਕੇ ਆਏ ਸਨ ਸਤਿਗਰੂ ਜੀ ਸਾਰਿਆਂ ਦਾ ਹਾਲ ਚਾਲ ਪੁੱਛ ਰਹੇ ਸਨ, ਬੱਚਿਆਂ ਨੂੰ ਪਿਆਰ ਕਰ ਰਹੇ ਸਨ।ਸਾਡੇ ਸਾਰਿਆਂ ਦੇ ਡੇਰਿਆਂ ਦਾ ਪ੍ਰਬੰਧ ਵੱਖ-ਵੱਖ ਘਰਾਂ ਵਿੱਚ ਕੀਤਾ ਗਿਆ ਸੀ।ਇਸ਼ਨਾਨ ਪਾਣੀ ਕਰ ਸਭ ਲਈ ਪ੍ਰਸ਼ਾਦ ਪਾਣੀ ਤਿਆਰ ਸੀ ਬੜੀ ਹੀ ਸ਼ਰਧਾ ਤੇ ਸਤਿਕਾਰ ਨਾਲ ਸਾਧ ਸੰਗਤ ਨੇ ਪ੍ਰਸ਼ਾਦ ਪਾਣੀ ਛਕਾਇਆ ।ਸੂਬਾ ਗੁਰਦਿਆਲ ਸਿੰਘ ਜੀ ਕੈਨੇਡਾ ਅਤੇ ਰਾਗੀ ਕਿਰਪਾਲ ਸਿੰਘ ਤਾਰ ਸ਼ਹਿਨਾਈ ਵੀ ਇੰਗਲੈਂਡ ਤੋਂ ਉਚੇਚਿਆਂ ਆਏ ਹੋਏ ਸਨ।ਸ਼ਾਮ ਦਾ ਨਿਤਨੇਮ ਸੰਤ ਜਸਵੀਰ ਸਿੰਘ ਦਮਦਮਾਂ ਦੇ ਗ੍ਰਹਿ ਵਿਖੇ ਹੋਇਆ ।ਨਿਤਨੇਮ ਦੌਰਾਨ ਚੱਲ ਰਹੇ ਸ੍ਰੀ ਸਤਿਗਰੂ ਜਗਜੀਤ ਸਿੰਘ ਜੀ ਦੇ ਉਪਦੇਸ਼ ਵਿੱਚ ਸੱਚੇ ਪਾਤਿਸ਼ਾਹ ਨੌਜਵਾਨਾਂ ਨੂੰ ਸਿੱਖੀ ਵਿੱਚ ਦ੍ਰਿੜ ਰਹਿਣ ਲਈ ਹੁਕਮ ਕਰ ਰਹੇ ਸਨ ।ਉਪਰੰਤ ਕੀਰਤਨ ਦੌਰਾਨ ਹਜ਼ੂਰੀ ਰਾਗੀਆਂ ਨੇ ਦੋ ਸ਼ਬਦ ਪੜ੍ਹੇ ਪਹਿਲਾ ਗੁਰੂ ਅਰਜਨ ਦੇਵ ਜੀ ਦਾ ਰਾਗ ਵਡਹੰਸ ਵਿੱਚ ਉਚਾਰਨ ਕੀਤਾ ਹੋਇਆ "ਪੂਰੀ ਆਸਾ ਜੀ ਮਨਸਾ ਮੇਰੇ ਰਾਮ॥ "ਦੂਸਰਾ ਚੌਥੇ ਪਾਤਿਸ਼ਾਹ ਜੀ ਦਾ "ਮੇਰੇ ਸੁੰਦਰ ਕਹਹੁ ਮਿਲੈ ਕਿਤੁ ਗਲੀ॥ " ਸੇਵਕ ਆਸਾ ਸਿੰਘ ਨੇ ਸਮਾਪਤੀ ਦੀ ਅਰਦਾਸ ਕੀਤੀ।ਸੰਗਤ ਦੀ ਗਿਣਤੀ ਕਰੀਬ ਸਵਾ ਸੌ ਹੋ ਗਈ ਸੀ।ਘਰ ਵਾਲਿਆਂ ਸਭ ਨੂੰ ਲੰਗਰ ਪਾਣੀ ਛਕਾਇਆ।ਸੰਤ ਜਸਵੀਰ ਸਿੰਘ ਦਮਦਮਾ ਏਥੇ ਆਪਣੇ ਪੁੱਤਰ ਅਜੇ ਸਿੰਘ ਤੇ ਨੂੰਹ ਮਨਵੀਰ ਕੌਰ ਜਿਨ੍ਹਾਂ ਦੇ ਇੱਕ ਬੇਟਾ ਬੇਟੀ ਹੈ ਤੇ ਏਸੇ ਦੇਸ਼ ਦੀ ਉਹਨਾਂ ਨੂੰ ਪੀ.ਆਰ. ਮਿਲੀ ਹੋਈ ਹੈ ਰਹਿੰਦੇ ਹਨ।ਘਰ ਵਾਲਿਆਂ ਸਤਿਗਰੂ ਜੀ ਦੇ ਚਰਨਾਂ ਤੇ ਤਿਲ ਫੁਲ ਧਰ ਬਖਸ਼ਿਸ਼ ਦੀ ਦਾਤ ਮੰਗੀ।ਸਤਿਗੁਰੂ ਜੀ ਹੁਕਮ ਕੀਤਾ ਕਿ ਅਮ੍ਰਿਤ ਵੇਲੇ ਦਾ ਸਣੇ ਕੇਸੀ ਇਸ਼ਨਾਨ, ਨਾਮ ਸਿਮਰਨ ਤੇ ਬਾਣੀ ਪੜਨੀ ਨਾ ਵਿਸਾਰੋ ਕਦੇ ਵੀ ਨਾਲ ਹੀ ਬੱਚਿਆਂ ਨੂੰ ਅਰਦਾਸ ਜਰੂਰ ਸਿਖਾਓ ਤਾਂ ਕਿ ਉਹ ਸਿੱਖੀ ਨਾਲ ਜੁੜੇ ਰਹਿਣ।ਏਥੋਂ ਆਪ ਜੀ ਪੈਦਲ ਹੀ ਡੇਰੇ ਨੂੰ ਚਾਲੇ ਪਾਏ ਜੋ ਦੋ ਕੁ ਕਿਲੋਮੀਟਰ ਦੀ ਵਿੱਥ 'ਤੇ ਹੀ ਸੀ।ਡੇਰੇ ਦੇ ਬਾਹਰ ਪੁੱਜੇ ਤਾਂ ਕੁਝ ਸਰੀਰ ਜੋ ਲੇਟ ਹੋ ਗਏ ਸਨ ਦਰਸ਼ਨ ਕਰਨ ਆਏ ਸਨ।ਇੱਕ ਨੌਜਵਾਨ ਜੋ ਖੁੱਲਾ ਸਰੀਰ ਸੀ ਆਪਣੇ ਪਰਿਵਾਰ ਨਾਲ ਦਰਸ਼ਨ ਕਰਨ ਆਇਆ ਤੇ ਬਖਸ਼ਿਸ਼ ਮੰਗੀ ਸਤਿਗੁਰੂ ਜੀ ਮਾਸ ਸ਼ਰਾਬ ਦਾ ਤਿਆਗ ਕਰ ਸਿੱਖੀ ਸਰੂਪ ਵਿੱਚ ਪਰਤਣ ਦਾ ਹੁਕਮ ਕੀਤਾ।ਏਥੇ ਅੱਜ ਦੇਸ਼ ਵਿੱਚ ਹੋ ਰਹੀਆਂ ਚੋਣਾਂ ਦੇ ਪ੍ਰਚਾਰ ਦੌਰਾਨ ਇੱਕ ਦੂਸਰੇ ਤੇ ਹੋ ਰਹੀ ਦੂਸ਼ਣਬਾਜੀ ਦੀ ਚਰਚਾ ਚੱਲੀ।ਸਤਿਗੁਰੂ ਜੀ ਹੁਕਮ ਕੀਤਾ ਕਿ ਏਥੇ ਇਸ ਦੇਸ਼ ਵਿੱਚ ਵੀ ਚੋਣਾਂ ਆ ਰਹੀਆਂ ਨੇ ਪਰ ਕੋਈ ਵੀ ਐਸਾ ਪ੍ਰਪੇਗੰਡਾ ਨਹੀਂ ਹੋ ਰਿਹਾ ਸਾਡੇ ਨੇਤਾਵਾਂ ਨੂੰ ਵੀ ਕੁਝ ਸਿੱਖਣਾ ਚਾਹੀਦਾ ਹੈ

Sri Satguru Jagjit Singh Ji Elibrary NamdhariElibrary@gmail.com

ਇਹਨਾਂ ਪਾਸੋਂ। ਏਥੋਂ ਹੀ ਅਸੀਂ ਸਾਰੇ ਆਗਿਆ ਲੈ ਆਪੋ ਆਪਣੇ ਡੇਰਿਆਂ ਨੂੰ ਚਲੇ ਗਏ। ਅਗਲੇ ਦਿਨ 5 ਮਈ ਨੂੰ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਸੰਤ ਗੁਰਮੇਲ ਸਿੰਘ ਸਪੁੱਤਰ ਸੰਤ ਪ੍ਰੀਤਮ ਸਿੰਘ (ਖਾਰੇ ਵਾਲੇ) ਸੰਤ ਨਗਰ ਵਾਲਿਆਂ ਦੇ ਘਰ ਹੋਇਆ। ਵਾਰ ਦੇ ਭੋਗ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੇ ਸੰਤ ਨਿਸ਼ਾਨ ਸਿੰਘ ਹੋਰਾਂ ਨੂੰ ਕੋਲ ਬੈਠਾ ਸਾਰੇ ਨੌਜਵਾਨਾਂ ਨੂੰ ਨੇੜੇ ਆਉਣ ਲਈ ਹੁਕਮ ਕੀਤਾ ਤੇ ਅਖਿਆ ਜਿਸ ਜਿਸ ਨੂੰ ਵੀ ਪਾਠ ਆਉਂਦਾ ਹੈ ਮੈਨੂੰ ਸੁਣਾਓ। ਕੁੱਲ 17 ਨੌਜਵਾਨਾਂ ਨੇ ਜਿਨਾਂ ਵਿੱਚ ਤਿੰਨ ਬੀਬੀਆਂ ਸਨ, ਜਪੁਜੀ ਦਾ ਪਾਠ ਸਤਿਗੁਰੂ ਜੀ ਨੂੰ ਸਾਹਮਣੇ ਬੈਠ ਕੇ ਸੁਣਾਉਣ ਦਾ ਯਤਨ ਕੀਤਾ। ਕਈਆਂ ਨੂੰ ਸਤਿਗੁਰੂ ਜੀ ਆਪ ਨਾਮ ਲੈਕੇ ਬੁਲਾਉਣ ਦੀ ਕਿਰਪਾਲਤਾ ਕਰਦੇ ਕਈਆਂ ਨੂੰ ਨਾਮ ਪੁੱਛਦੇ ਪਰਿਵਾਰ ਪੁੱਛਦੇ। ਇਹ ਨੌਜਵਾਨ ਸਨ।

1. ਗੁਰਦਿੱਤ ਸਿੰਘ 2.ਵੱਸਣ ਸਿੰਘ 3.ਜਤਿੰਦਰ ਸਿੰਘ 4.ਮਹਾਂ ਸਿੰਘ 5.ਗੁਰਿੰਦਰਪਾਲ ਸਿੰਘ 6.ਦਿਆਲ ਸਿੰਘ 7.ਸੰਦੀਪ ਸਿੰਘ 8.ਹਰਸਾ ਸਿੰਘ 9.ਗੁਰਪਰਕਾਸ਼ ਸਿੰਘ 10.ਵਰਿੰਦਰ ਸਿੰਘ 11.ਬਸੰਤ ਸਿੰਘ 12.ਅਜੈ ਸਿੰਘ 13.ਹਰਬੰਸ ਕੌਰ 14.ਰਜਿੰਦਰ ਕੌਰ 15.ਸੰਤਾ ਸਿੰਘ 16.ਕੁਲਦੀਪ ਕੌਰ 17.ਗੁਰਮੁਖ ਸਿੰਘ

ਸ੍ਰੀ ਸਤਿਗੁਰੂ ਜੀ ਨੇ ਸਾਰਿਆਂ ਨੂੰ ਹੁਕਮ ਕੀਤਾ ਕਿ ਜਿੰਨਾਂ ਆਪਣੇ ਮੋਬਾਇਲਾਂ ਵਿੱਚ ਸ੍ਰੀ ਭੈਣੀ ਸਾਹਿਬ ਦੀ ਐਪ ਨਹੀਂ ਡਾਊਨਲੋਡ ਕੀਤੀ ਉਹ ਕਰੋ। ਜਿਥੇ ਤੁਹਾਨੂੰ ਨਾਮਧਾਰੀ ਨਿਤਨੇਮ ਦੇ ਗੁਟਕੇ ਤੋਂ ਇਲਾਵਾ ਬਾਣੀ ਦੇ ਸ਼ੁੱਧ ਉਚਾਰਣ ਦੀ ਰਿਕਾਰਡਿੰਗ ਵੀ ਮਿਲ ਜਾਵੇਗੀ। ਉਹ ਤੁਸੀ ਆਪਣੇ ਵਿਹਾਰਾਂ ਤੇ ਜਾਂਦੇ ਗੱਡੀ ਚਲਾਉਂਦੇ ਸੁਣਿਆ ਕਰੋ ਸਿੱਖਿਆ ਕਰੋ। ਤੁਸੀਂ ਕੋਸ਼ਿਸ਼ ਕੀਤੀ ਹੈ ਪਾਠ ਸੁਣਾਣ ਦੀ ਸ਼ਾਬਾਸ਼ ਹੈ, ਤੁਹਾਡੇ ਪਰ ਕੋਸ਼ਿਸ਼ ਕਰੋ ਗੁਰਬਾਣੀ ਦਾ ਸ਼ੁੱਧ ਉਚਾਰਣ ਸਿੱਖੋ। ਸੰਤ ਨਿਸ਼ਾਨ ਸਿੰਘ ਜੀ ਨੇ ਹੁਕਮ ਅਨੁਸਾਰ ਸਾਰੇ ਨੌਜਵਾਨਾਂ ਨੂੰ ਬਾਣੀ ਦੇ ਸ਼ੁੱਧ ਉਚਾਰਨ ਦੀ ਸਿਖਲਾਈ ਦਿੱਤੀ। ਸ੍ਰੀ ਸਤਿਗੁਰੂ ਜੀ ਨੇ ਸਾਰਿਆਂ ਨੂੰ ਹੁਕਮ ਕੀਤਾ, "ਕੋਈ ਦੱਸ ਸਕਦਾ ਹੈ ਕਿ ਬਾਣੀ ਪੜ੍ਹਨ ਦਾ ਸਾਨੂੰ ਕੀ ਫਾਇਦਾ ਹੈ? ਬਾਣੀ ਕਿਉਂ ਪੜ੍ਹਨੀ ਚਾਹੀਦੀ ਹੈ? ਤੁਸੀ ਕੰਮਾਂ ਤੇ ਜਾਂਦੇ ਹੋ ਕਿਉਂਕਿ ਤੁਹਾਨੂੰ ਡਾਲਰ ਮਿਲਦੇ ਹਨ ਬਾਣੀ ਪੜ੍ਹਨ ਨਾਲ ਕੀ ਮਿਲਦਾ ਹੈ ਦੱਸੋ?" ਸੰਤ ਜਸਵੀਰ ਸਿੰਘ ਹੋਰਾਂ ਅਰਜ ਕੀਤੀ ਜੀ ਸਭ ਕੁਝ ਏਥੋਂ ਹੀ ਮਿਲਦਾ ਹੈ। ਸਤਿਗੁਰੂ ਜੀ ਹੁਕਮ ਕੀਤਾ ਕਿ "ਬਾਣੀ ਸਿੱਖੀ ਦੀ ਮੁੱਢਲੀ ਜਾਚ ਦੱਸਦੀ ਹੈ। ਜੀਵਨ ਦੀ ਸੱਚਾਈ ਦੱਸਦੀ ਹੈ,ਸਿੱਖੀ ਬਾਰੇ ਬਾਣੀ ਪੜ੍ਹ ਕੇ ਹੀ ਪਤਾ ਚੱਲਦਾ ਹੈ। ਤੁਸੀਂ ਪਹਿਲੀ ਜਨਰੇਸ਼ਨ ਏਥੇ ਹੋ ਆਏ ਹੋ ਪਰ ਜੇ ਤੁਸੀਂ ਬਾਣੀ ਪੜਨੀ ਭੁੱਲ ਗਏ ਤਾਂ ਆਉਣ ਵਾਲੀਆਂ ਪੀੜੀਆਂ ਚੋਂ ਤਾਂ ਇਹ ਬਿਲਕੁਲ ਖਤਮ ਹੋ ਜਾਵੇਗਾ। ਇਸ ਵਾਸਤੇ ਤੁਸੀਂ ਤਕੜੇ ਹੋਕੇ ਸਿੱਖੀ ਵਾਲੇ ਪਾਸੇ ਲੱਗੋ। ਤੜਕੇ ਉੱਠਕੇ ਇਸ਼ਨਾਨ ਕਰਕੇ ਭਜਨ ਕਰਿਆ ਕਰੋ ਬਾਣੀ ਪੜ੍ਹਿਆ ਕਰੋ ਤੇ ਆਪਣੇ ਬੱਚਿਆਂ ਨੂੰ ਵੀ ਇਸ ਪਾਸੇ ਲਾਓ। ਘਰ ਵਾਲੇ ਗੁਰਮੇਲ ਸਿੰਘ ਉਹਨਾਂ ਦੀ ਪਤਨੀ ਰਜਿੰਦਰ ਕੌਰ ਬੇਟਾ ਅਰਮਾਨ ਸਿੰਘ ਪਰਿਵਾਰ ਸਮੇਤ ਸਰੀ ਹਜ਼ੂਰ ਪਾਸੋਂ ਬਖਸ਼ਿਸ਼ ਕਿਰਪਾ ਦੀ ਮੰਗ ਕੀਤੀ । ਗੁਰਮੇਲ ਸਿੰਘ ਏਥੇ ਪੀ.ਆਰ. ਹੈ ਤੇ ਟਰੱਕ ਡਰਾਇਵਰੀ ਕਰਦਾ ਹੈ। ਏਥੇ ਬਹੁਤੇ ਨੌਜਵਾਨ ਟੈਕਸੀ ਜਾਂ ਟਰੱਕ ਆਦਿ ਹੀ ਚਲਾਉਂਦੇ ਹਨ ਤੇ ਮਿਹਨਤ ਕਰਕੇ ਕਾਮਯਾਬ ਹੋਏ ਹਨ, ਤਕਰੀਬਨ ਪੱਚੀ ਕੁ ਘਰ ਹਨ ਏਥੇ ਨਾਮਧਾਰੀਆਂ ਦੇ। ਸਤਿਗੁਰੂ ਜੀ ਨੇ ਪਰਿਵਾਰ ਨੂੰ ਹੁਕਮ ਕੀਤਾ ਕਿ ਉਹ ਇਸ ਗੱਲ ਨੂੰ ਪੱਕਿਆਂ ਕਰਨ ਕਿ ਉਹ ਹਰ ਹਫਤੇ ਸਾਰੀ ਸੰਗਤ ਨਾਲ ਜੁੜ ਬੈਠ ਨਿਤਨੇਮ ਕਰਿਆ ਕਰਨਗੇ। ਏਥੋਂ ਸਤਿਗੁਰੂ ਜੀ ਡੇਰੇ ਵਾਸਤੇ ਚਾਲੇ ਪਾ ਦਿੱਤੇ। ਕੁਝ ਆਰਾਮ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਦੀ ਰਜ਼ਾ ਨੂੰ ਵੇਖਦਿਆਂ ਦੀਵਾਨ ਸਿੰਘ ਹੋਰਾਂ ਅੱਜ ਸਮੁੰਦਰ ਦੇ ਕੰਢੇ ਜਾਣ ਦਾ ਪ੍ਰੋਗਰਾਮ ਬਣਾਇਆ ਸੀ। ਅਸੀਂ ਸਾਰੇ ਆਪੋ ਆਪਣੇ ਰਥਵਾਨਾ ਨਾਲ ਬੈਠ ਸਤਿਗੁਰੂ ਜੀ ਦੇ ਨਾਲ ਨਾਲ ਸਮੁੰਦਰ ਕੰਢੇ ਪੁੱਜੇ। ਠੰਡੀ ਹਵਾ,ਸਾਫ ਸੁਥਰਾ ਬੀਚ,ਸੈਰ ਤੇ ਪਾਣੀ ਵਿਚ ਤਾਰੀਆਂ ਲਾਉਂਦੇ ਲੋਕ ਇਹ ਦਰਸਾ ਰਹੇ ਸਨ ਕਿ ਇਹ ਲੋਕ ਤੰਦਰੁਸਤੀ ਤੇ ਸਫਾਈ ਪਰਤੀ ਕਿੰਨੇ ਜਾਗਰੂਕ ਹਨ। ਕੁੱਤਿਆਂ ਨੂੰ ਘੁਮਾਉਣ ਵਾਲਿਆਂ ਲਈ ਵਿਸ਼ੇਸ਼ ਤੌਰ 'ਤੇ ਕੁਤਿਆਂ ਦੀ ਗੰਦਗੀ ਸੁੱਟਣ ਲਈ ਡਸਟਬੀਨਾਂ ਦਾ ਪ੍ਰਬੰਧ ਸੀ। ਇਸ ਤੋਂ ਇਲਾਵਾ ਸੜਕਾਂ ਤੇ ਦੁਆਲੇ ਖਾਸ ਕਰ ਪਬਲਿਕ ਸਥਾਨਾ ਦੁਆਲੇ ਲੱਗੇ ਡਸਟਬੀਨ ਲੋਕਾਂ ਦੀ ਕੁਦਰਤ ਅਤੇ ਸਫਾਈ ਪਰਤੀ ਨਿਸ਼ਠਾ ਦਿਖਾ ਰਹੇ ਸਨ। ਏਨੇ ਨੂੰ ਸੜਕ ਦੇ ਕਿਨਾਰੇ ਦੋ ਗੱਡੀਆਂ ਆਪਸ ਵਿਚ ਵੱਜੀਆਂ ਦੇਖਦਿਆਂ ਹੀ ਪਿਛਲੀ ਗੱਡੀ ਵਿੱਚੋਂ ਇਕ ਵੱਡੀ ਉਮਰ ਦੀ ਔਰਤ ਨਿਕਲੀ ਜਿਸ ਦੀ ਗਲਤੀ ਸੀ, ਅਗਲੀ ਗੱਡੀ ਦੇ ਚਾਲਕਾਂ ਨੂੰ ਨਿਕਲ ਕੇ ਗਲ਼ ਲਾ ਮੁਆਫੀ ਮੰਗੀ ਤੇ ਆਪਣੇ ਇੰਸ਼ੋਰੈਂਸ ਪੇਪਰ ਆਪਸ ਵਿਚ ਸਾਂਝੇ ਕਰ ਲਏ। ਅਸੀਂ ਅਰਜ਼ ਕੀਤੀ ਕਿ ਜੇ ਭਾਰਤ ਹੁੰਦਾ ਤਾਂ ਲੋਕਾਂ ਇਕ ਦੂਸਰੇ ਦੇ ਗਲ਼ ਪੈ ਜਾਣਾ ਸੀ। ਸਤਿਗੁਰੂ ਜੀ ਹੁਕਮ ਕੀਤਾ ਕਿ ਸਾਨੂੰ ਇਹਨਾਂ ਲੋਕਾਂ ਤੋਂ ਇਹ ਸਿਖਿਆ ਲੈਣੀ ਚਾਹੀਦੀ ਹੈ, ਕੋਈ ਜਾਣਕੇ ਕਿਸੇ 'ਚ ਟਕਰ ਨਹੀਂ ਮਾਰਦਾ। ਸੈਰ ਕਰਦਿਆਂ ਅਸੀਂ ਸਮੁੰਦਰ ਦੇ ਨਾਲ-ਨਾਲ ਜਾ ਰਹੇ ਸਾਂ। ਸਤਿਗੁਰੂ ਜੀ ਕਈਆਂ ਪੁਰਾਣੇ ਨਾਮਧਾਰੀ ਸਿੰਘਾਂ ਨੂੰ ਯਾਦ ਕਰਦਿਆਂ ਉਹਨਾਂ ਦੇ ਬਚਨ ਸੁਣਾਏ, ਜਿਹੜੇ ਦੁਨੀਆਂਦਾਰੀ ਦੀ ਕੋਈ ਮੰਗ ਨਹੀਂ ਸਨ ਕਰਦੇ ਸਿਰਫ ਨਾਮ ਸਿਮਰਨ ਤੇ ਪ੍ਰੇਮਾ ਭਗਤੀ ਵਿੱਚ ਮਸਤ ਰਹਿੰਦੇ ਸਨ। ਸਮੁੰਦਰ ਕਿਨਾਰੇ ਹੀ ਸਾਰੇ ਨੌਜਵਾਨਾਂ ਨੂੰ ਸਤਿਗੁਰੂ ਜੀ ਨਾਲ ਇਕ ਯਾਦਗਾਰੀ ਤਸਵੀਰ ਕਰਵਾਉਣ ਦਾ ਸੁਅਵਸਰ ਪ੍ਰਾਪਤ ਹੋਇਆ। ਸੂਰਤਪਾਲ ਸਿੰਘ ਇਹਨਾਂ ਯਾਦਗਾਰੀ ਪਲਾਂ ਨੂੰ ਆਪਣੇ ਕੈਮਰੇ ਵਿੱਚ ਸੰਭਾਲ ਰਿਹਾ ਸੀ। ਬਚਨ ਬਿਲਾਸ ਕਰਦਿਆਂ ਹਰ ਕੋਈ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਬਖਸ਼ਿਸ਼ਾਂ ਤੇ ਪਰਉਪਕਾਰਾਂ ਦੀਆਂ ਸਾਖੀਆਂ ਵੀ ਸਾਂਝੀਆਂ ਕਰ ਰਿਹਾ ਸੀ। ਸਮੁੰਦਰ ਨੂੰ ਦਰਸ਼ਨ ਦੇ ਸਤਿਗੁਰੂ ਜੀ ਨਾਲ ਅਸੀਂ ਸਾਰੇ ਓਪਟਸ ਸਟੇਡੀਅਮ ਜਾਣ ਲਈ ਕਾਰਾਂ ਵਿੱਚ ਤੁਰ ਪਏ। ਰਾਸਤੇ 'ਚੋਂ ਕੁਝ ਫਲ,ਜੂਸ,ਦੁੱਧ ਆਦਿ ਪਦਾਰਥ ਸਾਧ ਸੰਗਤ ਦੇ ਛਕਣ ਲਈ ਲਏ ਗਏ। ਓਪਟਸ ਸਟੇਡੀਅਮ ਜਿੱਥੇ ਕ੍ਰਿਕਟ ਦੇ ਅੰਤਰਰਾਸ਼ਟਰੀ ਮੈਚ ਹੁੰਦੇ ਹਨ ਬਹੁਤ ਸੋਹਣਾ ਬਣਿਆ ਹੋਇਆ ਹੈ। ਇੱਕ ਨਦੀ ਦੇ ਉੱਪਰ ਲੋਹੇ ਦਾ ਵੱਡਾ ਪੁਲ ਜਿਸ ਤੋਂ ਤੁਸੀਂ ਕੇਵਲ ਤੁਰ ਕੇ ਹੀ ਪਾਰ ਕਰ ਸਕਦੇ ਹੋ ਅਸੀਂ ਸਾਰੇ ਸਤਿਗੁਰੂ ਜੀ ਦੇ ਪਿੱਛੇ ਪਿੱਛੇ ਤੁਰ ਰਹੇ ਸਾਂ। ਬਾਹਰਲੇ ਘਾਹ ਦਿਆਂ ਮੈਦਾਨਾਂ ਵਿੱਚ ਖਿਡਾਰੀ ਏਥੋਂ ਦੀ ਗੇਮ ਫੁੱਟੀ ਜੋ ਕਿ ਹੱਥ ਤੇ ਪੈਰ ਦੋਵਾਂ ਨਾਲ ਖੇਡਣ ਵਾਲੀ ਗੇਮ ਹੈ ਖੇਡ ਰਹੇ ਸਨ। ਓਪਟਸ ਖੇਲ ਸਟੇਡੀਅਮ ਬਹੁਤ ਸੁੰਦਰ ਬਣਾਇਆ ਹੋਇਆ ਹੈ। ਸੈਰ

Sri Satguru Jagjit Singh Ji Elibrary NamdhariElibrary@gmail.com

ਕਰਦਿਆਂ ਸਤਿਗੁਰੂ ਜੀ ਰਾਗੀ ਬਲਵੰਤ ਸਿੰਘ ਨਾਲ ਵੱਖ ਵੱਖ ਖੇਡਾਂ ਤੇ ਉਹਨਾਂ ਦੇ ਵਿਸ਼ਵ ਪ੍ਰਸਿੱਧ ਖਿਡਾਰੀਆਂ ਬਾਬਤ ਬਚਨ ਬਿਲਾਸ ਕਰ ਰਹੇ ਸਨ ਤੇ ਅਸੀਂ ਸੁਣ ਸੁਣ ਕੇ ਖੁਸ਼ ਹੋ ਰਹੇ ਸਾਂ। ਸਤਿਗੁਰੂ ਜੀ ਸਟੇਡੀਅਮ ਦੇ ਪਿਛੋਂ ਲੰਘਦੀ ਝੀਲ ਦੇ ਕਿਨਾਰਿਆਂ ਦੀ ਸੁੰਦਰਤਾ ਨੂੰ ਆਪਣੇ ਮੋਬਾਇਲ ਦੇ ਕੈਮਰੇ ਵਿੱਚ ਕੈਦ ਕਰ ਰਹੇ ਸਨ ਤੇ ਅਸੀਂ ਇਸ ਨਜ਼ਾਰੇ ਨੂੰ ਆਪਣੇ ਮੋਬਾਇਲਾਂ ਵਿੱਚ ਕੈਦ ਕਰਨ ਦਾ ਮੌਕਾ ਲੱਭ ਲਿਆ। ਫਲਦਾਰ ਤੇ ਫੁਲਦਾਰ ਬੂਟਿਆਂ ਦੀਆਂ ਕਿਸਮਾਂ ਆਦਿ ਦੀ ਜਾਣਕਾਰੀ ਸਤਿਗੁਰੂ ਜੀ ਸਾਨੂੰ ਦੇ ਰਹੇ ਸਨ। ਏਥੇ ਹੀ ਸਰਿਆਂ ਨੂੰ ਕੇਲਿਆਂ ਦਾ ਪ੍ਰਸ਼ਾਦ ਵੰਡ ਵਾਪਿਸ ਡੇਰੇ ਨੂੰ ਰਵਾਨਗੀ ਹੋਈ। ਪਰਥ ਸ਼ਹਿਰ ਦੀ ਆਬਾਦੀ ਬਹੁਤ ਘੱਟ ਹੈ, ਟਾਵੇਂ-ਟਾਵੇਂ ਲੋਕ ਸਨ, ਸੜਕਾਂ ਖੁੱਲੀਆਂ।

ਅੱਜ ਦੂਸਰੇ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦਾ ਪ੍ਰਕਾਸ਼ ਦਿਹਾੜਾ ਹੈ ਸੋ ਸ਼ਾਮ ਦਾ ਨਿਤਨੇਮ ਜੋ ਸੰਤ ਸੰਦੀਪ ਸਿੰਘ ਹੋਰਾਂ ਘਰ ਹੋਇਆ। ਜਿਸ ਦੌਰਾਨ ਸੰਤ ਨਿਸ਼ਾਨ ਸਿੰਘ ਜੀ ਨੇ ਗੁਰੂ ਅੰਗਦ ਸਾਹਿਬ ਦੇ ਪਵਿੱਤਰ ਜੀਵਨ ਤੇ ਕਥਾ ਕੀਤੀ। ਸੰਤ ਜੀ ਦੀ ਕਥਾ ਅੱਜ ਗੁਰੂ ਨੂੰ ਸਮਰਪਣ, ਪ੍ਰੇਮ, ਪ੍ਰੀਤੀ,ਵੈਰਾਗ,ਨਿਸ਼ਕਾਮ ਸੇਵਾ ਦੇ ਭਾਵਾਂ ਨਾਲ ਓਤਪੋਤ ਸੀ। ਉਪਰੰਤ ਰਾਗੀ ਜਥੇ ਨੇ ਰਾਗ ਹਮੀਰ ਰੂਪਕ ਤਾਲ ਵਿੱਚ ਗੁਰੂ ਅਰਜਨ ਦੇਵ ਜੀ ਦਾ ਸ਼ਬਦ "ਸਭੁ ਕੋ ਤੇਰੈ ਵਸਿ ਅਗਮ ਅਗੋਚਰਾ" ਪੜਿਆ। ਸਮਾਪਤੀ ਦੀ ਅਰਦਾਸ ਸੇਵਕ ਆਸਾ ਸਿੰਘ ਹੋਰਾਂ ਕੀਤੀ ਨਾਲ ਹੀ ਸਵੇਰੇ ਆਸਾ ਦੀ ਵਾਰ ਵਿੱਚ ਸਣੇ ਕੇਸੀਂ ਇਸ਼ਨਾਨ ਕਰ ਸੰਗਤ ਨੂੰ ਦਰਸ਼ਨ ਦੇਣ ਵਾਸਤੇ ਅਨਾਊਂਸਮੈਂਟ ਕੀਤੀ। 6 ਮਈ ਦੀ ਆਸਾ ਦੀ ਵਾਰ ਸੰਤ ਗੁਰਜਿੰਦਰ ਸਿੰਘ ਦਮਦਮਾ ਵਾਲਿਆਂ ਦੇ ਗ੍ਰਹਿ ਵਿਖੇ ਲੱਗੀ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਅੱਜ ਸਵਾਮੀ ਬਲਵੀਰ ਸਿੰਘ ਹੋਰਾਂ ਗੁਰਬਾਣੀ ਵਿੱਚ ਆਏ ਅਨਹਦ ਸ਼ਬਦ ਦੀ ਵਿਆਖਿਆਂ ਕਰਦਿਆਂ ਪੰਜ ਸ਼ਬਦ,ਪੰਜਾਂ ਧੁਨੀਆਂ ਦਾ ਵਿਸਥਾਰ ਸਹਿਤ ਵਰਨਣ ਕੀਤਾ ਤੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਬਾਣੀ ਪੜਕੇ ਉਸ ਅਨੁਸਾਰ ਆਪਣਾ ਜੀਵਨ ਢਾਲਣ ਲਈ ਸੰਗਤ ਨੂੰ ਪ੍ਰੇਰਿਤ ਕੀਤਾ। ਏਥੇ ਹੀ ਸ੍ਰੀ ਹਜ਼ੂਰ ਨੇ ਬਚਨ ਕਰਦਿਆਂ ਹੁਕਮ ਕੀਤਾ " ਇਕ ਨਾਮ ਦੇ ਹੰਕਾਰ ਨੇ ਹੀ ਰੌਲ਼ਾ ਪਾ ਰੱਖਿਆ ਹੈ। ਜਨਮ ਦਿਨਾਂ ਦੇ ਕੇਕ ਤੋਂ ਲੈ ਕੇ ਮਰਨ ਦੇ ਭੋਗਾਂ ਦੀਆਂ ਜਲੇਬੀਆਂ ਤਕ ਦਾ ਰੌਲਾ-ਕੌਣ ਆਇਆ ਕੌਣ ਨਹੀਂ ਆਇਆ-ਕਿਹੜਾ ਲੀਡਰ ਆਇਆ ਤੇ ਕਿਹੜਾ ਨਹੀਂ ਆਇਆ ਇਹਨਾਂ ਚੱਕਰਾਂ ਚ ਹੀ ਦੁਨੀਆਂ ਫਸੀ ਫਿਰਦੀ ਹੈ"। **ਆਪਣੈ ਅਹੰਕਾਰਿ ਜਗਤ ਜਲਿਆ ਮਤ ਤੂ ਆਪਣਾ ਆਪੁ ਗਵਾਵਹੇ॥**

ਬੀਬੀ ਪਰਮਜੀਤ ਕੌਰ ਸੇਵਕ ਰਛਪਾਲ ਸਿੰਘ ਹੋਰਾਂ ਦੇ ਭੈਣ ਜੀ ਜੋ ਕਿ ਆਪਣੇ ਬੇਟੇ ਕੋਲ ਪਰਥ ਆਏ ਹੋਏ ਨੇ, ਉਨ੍ਹਾਂ ਅਰਜ ਕੀਤੀ ਜੀ ਜੋ ਹੁਕਮ ਹੋਵੇ ਤਾਂ ਮੈਂ ਕੁਝ ਬੋਲਣਾ ਚਾਹੁੰਦੀ ਹਾਂ। ਸਤਿਗੁਰੂ ਜੀ ਮੁੜ ਸੰਗਤ ਨੂੰ ਬੈਠਣ ਦਾ ਹੁਕਮ ਕਰ ਆਗਿਆ ਬਖਸ਼ੀ। ਬੀਬੀ ਪਰਮਜੀਤ ਕੌਰ ਜੀ ਨੇ ਬਹੁਤ ਹੀ ਤੱਥ ਭਰਪੂਰ ਸ਼ਬਦਾਂ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਸ਼ੇਸ਼ ਕਰ ਇਸਤਰੀ ਜਾਤੀ ਤੇ ਕੀਤੇ ਪਰਉਪਕਾਰਾਂ ਦਾ ਵਰਨਣ ਕੀਤਾ ਕਿ ਕਿਵੇਂ ਉਹਨਾਂ ਬੀਬੀਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ ਭਾਈਆਂ ਦੀ ਬਰਾਬਰੀ ਦਿੱਤੀ। ਅਹੁਦੇਦਾਰੀਆਂ ਬਖਸ਼ੀਆਂ,ਬੀਬੀਆਂ ਨੂੰ ਕੀਰਤਨ ਕਰਨ ਦੀ ਆਗਿਆ ਬਖਸ਼ੀ। ਸਾਦੇ ਤੇ ਵਿਖਾਵਿਆਂ ਤੋਂ ਰਹਿਤ ਅੰਤਰਜਾਤੀ ਵਿਆਹ ਆਨੰਦ ਮਰਿਆਦਾ ਨਾਲ ਆਰੰਭ ਕੀਤੇ। ਜੰਮਦੀਆਂ ਧੀਆਂ ਨੂੰ ਮਾਰਨਾ,ਵੱਟਾ ਕਰਨਾ ਆਦਿ ਕੁਰੀਤੀਆਂ ਨੂੰ ਬੰਦ ਕਰਵਾ ਵਿਧਵਾ ਵਿਆਹ ਵੀ ਸ਼ੁਰੂ ਕਰਵਾਏ। ਸਾਨੂੰ ਆਪਣੇ ਸਤਿਗੁਰਾਂ ਦੇ ਉਪਕਾਰ ਨਹੀਂ ਭੁੱਲਣੇ ਚਾਹੀਦੇ। ਇਸ ਉਪਰੰਤ ਸਾਰੀ ਸੰਗਤ ਨੇ ਪ੍ਰਸ਼ਾਦ ਪਾਣੀ ਛਕਿਆ।

ਅੱਜ ਸ਼ਾਮ ਦਾ ਨਿਤਨੇਮ ਹਰਨਾਮ ਸਿੰਘ ,ਹਰਸਾ ਸਿੰਘ ਦੋਵੇਂ ਸਪੁੱਤਰ ਸੰਤ ਹਰਦਿਆਲ ਸਿੰਘ (ਦਮਦਮਾ) ਦੇ ਗ੍ਰਹਿ ਵਿਖੇ ਹੋਇਆ। ਦੋਵੇਂ ਭਰਾ ਆਪਣੇ ਪਰਿਵਾਰਾਂ ਸਮੇਤ ਏਥੇ ਪੀ. ਆਰ. ਹਨ ਇਕ ਕੋਰੀਅਰ ਵੈਨ ਚਲਾਉਂਦਾ ਦੂਸਰਾ ਟਰੱਕ ਡਰਾਇਵਰ ਹੈ। ਇਸ ਪਰਿਵਾਰ ਨੇ ਘਰ ਨੂੰ ਬੜੇ ਚਾਵਾਂ ਨਾਲ ਸ਼ਿੰਗਾਰ ਰੱਖਿਆ ਸੀ ਸਤਿਗੁਰੂ ਜੀ ਦੀ ਪਾਲਕੀ ਨੂੰ ਸੋਹਣੇ ਫੁੱਲਾਂ ਨਾਲ ਸ਼ਿੰਗਾਰਿਆ ਸੀ। ਸਿੱਖਾਂ ਦਾ ਚਾਅ ਗੁਰੂ ਦਰਸ਼ਨਾਂ ਕਰਕੇ ਦੂਣ ਸਵਾਇਆ ਜਾਪਦਾ ਸੀ। ਨਿਤਨੇਮ ਦੌਰਾਨ ਪੰਡਤ ਯਾਦਵਿੰਦਰ ਸਿੰਘ ਹੋਰਾਂ ਕਥਾ ਕੀਤੀ। ਪ੍ਰਕਰਣ ਸੀ ਮਨੁੱਖਾ ਜਨਮ ਦਾ ਅਸਲ ਉਦੇਸ਼ ਕੀ ਹੈ ਤੇ ਮੰਜ਼ਿਲ ਕੀ ਹੈ,ਉਸ ਤੱਕ ਕਿਵੇਂ ਪਹੁੰਚਣਾ ਹੈ। ਯਾਦਵਿੰਦਰ ਸਿੰਘ ਹੋਰੀ ਨਾਮਧਾਰੀ ਪੰਥ ਦੇ ਨਵੀਂ ਪੀੜੀ ਦੇ ਪ੍ਰਚਾਰਕਾਂ ਵਿੱਚੋਂ ਹਨ ਪਿਤਾ ਪੰਡਿਤ ਹਰਭਜਨ ਸਿੰਘ ਜੀ ਖੰਡੂਵਾਲੀਏ ਹੋਰਾਂ ਤੋਂ ਪਿਤਾ ਪੁਰਖੀ ਗੁਣ ਤਾਂ ਮਿਲਿਆ ਹੀ ਨਾਲ-ਨਾਲ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਬਨਾਰਸ ਦੀ ਯੂਨੀਵਰਸਿਟੀ ਤੋਂ ਵੇਦ ਸ਼ਾਸਤਰਾਂ ਤੇ ਪੀ.ਐਚ.ਡੀ. ਕੀਤੀ ਹੈ। ਹਜ਼ੂਰ ਸਤਿਗਰੂ ਜੀ ਆਪ ਨੂੰ ਅਕਸਰ ਦੇਸ਼ ਵਿਦੇਸ਼ਾਂ ਵਿੱਚ ਕਥਾ ਕਰਨ ਲਈ ਭੇਜਦੇ ਹਨ। ਅੱਜ ਰਾਗੀ ਬਲਵੰਤ ਸਿੰਘ ਹੋਰਾਂ ਰਾਗ ਕੇਦਾਰ ਵਿਚ ਇੱਕ ਸ਼ਬਦ "ਸਰਨੀ ਆਇਓ ਨਾਥ ਨਿਧਾਨ॥ ਨਾਮ ਪਰੀਤ ਲਗੀ ਮਨ ਭੀਤਰਿ ਮਾਗਨ ਕਉ ਹਰਿ ਦਾਨ॥ " ਪੜ੍ਹ ਬਿਹਾਗੜੇ ਦੀ ਰੀਤ ਤਾਲ ਕਹਿਰਵਾ ਵਿਚ ਪੰਚਮ ਪਾਤਿਸ਼ਾਹ ਦਾ ਸ਼ਬਦ "ਸੁਖ ਨਾਹੀ ਰੇ ਹਰਿ ਭਗਤਿ ਬਿਨਾ॥ " ਗਾਇਨ ਕੀਤਾ। ਇਸ ਉਪਰੰਤ ਸਤਿਗੁਰੂ ਜੀ ਡੇਰੇ ਜਾਣ ਤੋਂ ਪਹਿਲਾਂ ਗੁਰਦਿੱਤ ਸਿੰਘ ਸਪੁੱਤਰ ਗੁਰਮੰਗਤ ਸਿੰਘ ਅਮਰਾਸਰ ਖੁਰਦ ਦੇ ਘਰ ਪਿਆਰਾਵਾਟਰ ਵਿਖੇ ਚਰਨ ਪਾਉਣ ਦੀ ਕਿਰਪਾਲਤਾ ਕੀਤੀ, ਜਿੱਥੇ ਸਾਡਾ ਡੇਰਾ ਸੀ। ਸਾਰੇ ਪਰਿਵਾਰ ਨੇ ਸਤਿਗੁਰੂ ਜੀ ਦਾ ਸਵਾਗਤ ਕੀਤਾ। ਗੁਰਦਿੱਤ ਸਿੰਘ ਦੇ ਦਾਦਾ ਜੀ ਬਾਪੂ ਰਛਪਾਲ ਸਿੰਘ ਹੋਰੀਂ ਵੀ ਆਪਣੇ ਪੋਤਰੇ ਕੋਲ ਆਏ ਹੋਏ ਨੇ ਹਨ, ਬਜ਼ੁਰਗ ਕਾਫੀ ਪਰ ਬੜੀ ਚੜ੍ਹਦੀ ਕਲਾ ਵਾਲੇ **ਗਰਜ਼ ਸਮਝ ਕਰ ਅਰਜ਼** ਬਾਪੂ ਹੋਰਾਂ ਬਹੁਤ ਸਾਰੀਆਂ ਅਰਜ਼ਾਂ ਕੀਤੀਆਂ ਗੁਜ਼ਾਰੀਆਂ ਕਿਸੇ ਸੱਜਣ ਦੀ ਗੱਲ ਕਰਦਿਆਂ ਉਹਨਾਂ ਅਰਜ ਕੀਤੀ ਆਪ ਜੀ ਕਿਸੇ ਸੱਜਣ ਨੂੰ ਕੋਈ ਹੁਕਮ ਕੀਤਾ ਸੀ ਪਰ ਉਹ ਆਪਣੀ ਮਰਜ਼ੀ ਕਰਦਾ ਹੈ। ਦੀਨ ਦਿਆਲ ਜੀ ਹੱਸਦਿਆਂ ਬਚਨ ਕੀਤਾ ਸੰਤ ਜੀ ਅਸੀਂ ਤਾਂ ਗਰਜ਼ ਸਮਝ ਕਰ ਅਰਜ਼ ਗੁਜ਼ਾਰੀ ਮਾਨੋ ਨਾ ਮਾਨੋ ਮਰਜ਼ੀ ਤੁਮ੍ਹਾਰੀ-ਕੋਈ ਗੱਲ ਨਹੀ ਸਾਨੂੰ ਉਹਨਾਂ ਨਾਲ ਵੀ ਕੋਈ ਸ਼ਿਕਵਾ ਨਹੀਂ। ਹੱਸਦਿਆਂ ਸਤਿਗੁਰੂ ਜੀ ਬਾਹਰ ਆ ਗਏ ਤੇ ਸਾਰੇ ਪਰਿਵਾਰ ਨੂੰ ਖੁਸ਼ੀਆਂ ਖੇੜੇ ਵੰਡ ਕਾਰ ਚ ਬਹਿ ਡੇਰੇ ਨੂੰ ਪ੍ਰਸਥਾਨ ਕੀਤਾ। ਸੋਧ ਦਾ ਲੰਗਰ ਜੋ ਕਿ ਸੰਤ ਗੁਰਦੇਵ ਸਿੰਘ ਦੇ ਘਰ ਤਿਆਰ ਹੁੰਦਾ ਸੀ ਤੇ ਹੀਰਾ ਸਿੰਘ ਦਮਦਮਾ

Sri Satguru Jagjit SIngh Ji Elibrary NamdhariElibrary@gmail.com

ਦੇ ਘਰ ਜਿੱਥੇ ਸਤਿਗੁਰੂ ਜੀ ਦਾ ਡੇਰਾ ਸੀ, ਓਥੇ ਬਾਕੀ ਦਾ ਲੰਗਰ ਬੀਬੀਆਂ ਤੇ ਭਾਈ ਰਲ ਕੇ ਤਿਅਰ ਕਰਦੇ ਸਨ। ਏਥੋਂ ਹੀ ਜਿਨ੍ਹਾਂ ਘਰਾਂ ਵਿੱਚ ਆਸਾ ਦੀ ਵਾਰ ਜਾਂ ਨਿਤਨੇਮ ਹੁੰਦਾ ਲੰਗਰ ਤਿਆਰ ਹੋਕੇ ਜਾਂਦਾ ਸੀ। ਹੀਰਾ ਸਿੰਘ ਹੋਰੀਂ ਏ.ਸੀ. ਮਕੈਨਿਕ ਹਨ। ਇਹਦੇ ਘਰੋਂ ਬੀਬੀ ਸ਼ਰਨਜੀਤ ਕੌਰ ਵੀ ਸਰਵਿਸ ਕਰਦੀ ਹੈ। ਇਕ ਬੇਟਾ ਹਰਨਾਮ ਸਿੰਘ ਤੇ ਹੀਰਾ ਸਿੰਘ ਦੇ ਭਰਾ ਦਾ ਪਰਿਵਾਰ ਵੀ ਇਹਨਾਂ ਨਾਲ ਰਹਿੰਦਾ ਹੈ ਜੋ ਕਿ ਅਕਾਲ ਚਲਾਣਾ ਕਰ ਗਿਆ ਸੀ। ਉਸ ਦੇ ਦੋ ਲੜਕੇ ਇਕ ਵਿਆਹਿਆ ਤੇ ਇਕ ਕੁਆਰਾ ਹੈ ਤੇਂ ਹੀਰਾ ਸਿੰਘ ਦੀ ਭਰਜਾਈ ਸਭ ਇਕੋ ਘਰ ਵਿੱਚ ਰਹਿੰਦੇ ਹਨ। ਸ੍ਰੀ ਸਤਿਗੁਰੂ ਜੀ ਦੇ ਚਰਨਾਂ ਤੇ ਪੂਰਨ ਪ੍ਰਤੀਤ ਰੱਖਣ ਵਾਲਾ ਗੁਰਸਿੱਖ ਪਰਿਵਾਰ ਹੈ। ਅੱਜ ਆਖਰੀ ਦਿਨ ਸੀ ਪਰਥ ਦੌਰੇ ਦਾ ਕੱਲ 7 ਤਾਰੀਖ ਨੂੰ ਏਥੋਂ ਬ੍ਰਿਸਬੇਨ ਜਾਣਾ ਹੈ ਤੜਕੇ। ਸੋ ਆਸਾ ਦੀ ਵਾਰ ਦਾ ਕੀਰਤਨ ਨਹੀਂ ਹੋਵੇਗਾ। ਸਤਿਗੁਰੂ ਜੀ ਵਾਰ ਦਾ ਪਾਠ ਰਾਗੀ ਬਲਵੰਤ ਸਿੰਘ ਪਾਸੋਂ ਸਰਵਣ ਕਰਨਗੇ ਤੇ 5.30 ਏਅਰਪੋਰਟ ਪੁੱਜਣ ਦਾ ਹੁਕਮ ਹੈ। ਅੱਜ ਰਾਤ ਹੀਰਾ ਸਿੰਘ ਦੇ ਘਰ ਬੈਠਿਆਂ ਹੀ ਸਤਿਗੁਰੂ ਜੀ ਨਾਲ ਪੁਰਾਣੇ ਜਥੇਦਾਰਾਂ ਦੇ ਬੜੇ ਬਚਨ ਬਿਲਾਸ ਚੱਲੇ ਜੋ ਮਸਤਾਂਨੇ ਦੀਵਾਨੇ ਸਨ। ਜਥੇਦਾਰ ਰੰਗ ਬਿਰੰਗੀ ਜੀ ਨੂੰ ਯਾਦ ਕੀਤਾ ਗਿਆ। ਇੱਕ ਜਥੇਦਾਰ ਦੀ ਘਰਵਾਲੀ ਚੜਾਈ ਕਰ ਗਈ ਤੇ ਉਹਨੇ ਅਰਥੀ ਲਿਜਾਂਦੇ ਧਾਰਨਾ ਲਾਈ ਕਿ 'ਖਸਮ ਵਿਸਾਰ ਚੱਲੀਂ ਹੈਂ ਕਮਜ਼ਾਤੇ' ਸਤਿਗੁਰੂ ਜੀ ਇਹ ਸੁਣਕੇ ਬਹੁਤ ਖੁਸ਼ ਹੋਏ। ਸੰਤ ਨਿਸ਼ਾਨ ਸਿੰਘ ਹੋਰਾਂ ਵੀ ਬੜ੍ਹੇ ਬਚਨ ਸੁਣਾਏ ਪੁਰਾਣੇ ਸਿੱਖਾਂ ਸਾਧਾਂ ਦੇ। ਅਖੀਰ ਆਗਿਆ ਲੈ ਅਸੀਂ ਵਾਪਿਸ ਡੇਰਿਆਂ ਨੂੰ ਚੱਲ ਪਏ। ਸਤਿਗੁਰੂ ਜੀ ਸਾਰੇ ਪਰਿਵਾਰ ਵਾਲੇ ਜੀਆਂ ਨੂੰ ਖੁਲਾ ਭਜਨ ਬਾਣੀ ਕਰਨ ਤੇ ਸਿੱਖੀ ਕਾਇਮ ਰੱਖਣ ਦਾ ਸ਼ੁੱਭ ਉਪਦੇਸ਼ ਕੀਤਾ। 7 ਮਈ ਨੂੰ ਸਵੇਰੇ ਅਸੀਂ ਸਾਰੇ ਪਰਥ ਏਅਰਪੋਰਟ ਪੁੱਜੇ। ਪਰਥ ਦੀ ਸਾਧ ਸੰਗਤ ਦਾ ਸਤਿਗੁਰੂ ਜੀ ਨੂੰ ਅਲਵਿਦਾ ਕਹਿਣ ਦਾ ਜੀ ਨਹੀਂ ਸੀ ਕਰ ਰਿਹਾ,ਸਾਰੇ ਵਾਰ-ਵਾਰ ਦੁਬਾਰਾ ਜਲਦੀ ਦਰਸ਼ਨ ਦੇਣ ਦੀ ਅਰਜ਼ ਕਰ ਰਹੇ ਸਨ। ਸ੍ਰੀ ਸਤਿਗੁਰੂ ਜੀ ਹੁਕਮ ਕੀਤਾ ਤੁਸੀ ਸਾਰੇ ਮਿਲ ਕੇ ਰਹੋ ਹਰ ਹਫਤੇ ਇਕੱਠੇ ਬਹਿਕੇ ਰਲ ਕੇ ਨਾਮ ਸਿਮਰਨ ਕਰਿਆ ਕਰੋ। ਚੈਕ ਇਨ ਕਰਵਾ ਸਕਿਓਰਟੀ ਚੈਕਿੰਗ ਤੋਂ ਬਾਅਦ ਅਸੀਂ ਏਅਰਪੋਰਟ ਦੇ ਅੰਦਰ ਪੁੱਜੇ। ਸਤਿਗੁਰੂ ਜੀ ਤੇ ਮਾਤਾ ਜੀ ਨੇ ਇਕ ਸਟੋਰ ਦੀ ਫਰਿੱਜ ਵਿੱਚੋਂ ਆਪ ਦੇਖ ਪੜ ਜੂਸ ਦੀਆਂ ਬੋਤਲਾਂ ਸਾਡੇ ਸਾਰਿਆਂ ਵਾਸਤੇ ਲਈਆਂ ਤੇ ਅਸੀਂ ਆਨੰਦ ਨਾਲ ਛਕੀਆਂ। ਜਹਾਜ ਵਿੱਚ ਬੈਠ ਸਤਿਗੁਰੂ ਜੀ ਸ੍ਰੀ ਦਸਮ ਦੀ ਸੈਂਚੀ ਵਿੱਚੋਂ ਪਾਠ ਕਰਨਾ ਆਰੰਭ ਕਰ ਦਿੱਤਾ ਤੇ ਮੈ ਵੀ ਨਾਲ ਬੈਠੇ ਸੰਤ ਨਿਸ਼ਾਨ ਸਿੰਘ ਜੀ ਦਾ ਲਾਹਾ ਖੱਟਿਆ ਤੇ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਸੁਣਾ ਉਹਨਾਂ ਪਾਸੋਂ ਸ਼ੁੱਧ ਬਾਣੀ ਪੜ੍ਹਨ ਦੀ ਸਿੱਖਿਆ ਲਈ। ਏਨੇ ਨੂੰ ਸਾਡਾ ਜਹਾਜ ਬ੍ਰਿਸਬੇਨ ਦੀ ਧਰਤੀ ਤੇ ਜਾ ਪੁੱਜਾ।

(ਚਲਦਾ) ....

-ਸੁਖਵਿੰਦਰ ਸਿੰਘ ਲਾਇਲ

ਸ. ਅਮਰਜੀਤ ਸਿੰਘ ਨਮਿੱਤ ਪਾਠ ਦਾ ਭੋਗ

ਸ. ਅਮਰਜੀਤ ਸਿੰਘ ਜੀ ਭੱਟੀ (ਹਿਸਾਰ) ਆਪਣੀ ਜੀਵਨ ਯਾਤਰਾ ਪੂਰੀ ਕਰਕੇ 8 ਮਈ 2019 ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ। 14 ਮਈ ਨੂੰ ਨਾਮਧਾਰੀ ਧਰਮਸਾਲਾ ਹਿਸਾਰ ਵਿਖੇ ਸ. ਅਮਰਜੀਤ ਸਿੰਘ ਜੀ ਨਮਿੱਤ ਪਾਠਾਂ ਦੇ ਭੋਗ ਪਾਏ ਗਏ ਅਤੇ ਪਤਵੰਤੇ ਸੱਜਣਾਂ ਨੇ ਸ਼ਰਧਾਂਜ਼ਲੀਆਂ ਦਿੱਤੀਆਂ। ਸੂਬਾ ਅਜੀਤ ਸਿੰਘ ਜੀ ਬਟਾਲਾ ਅਤੇ ਜਥੇਦਾਰ ਨਿਸ਼ਾਨ ਸਿੰਘ ਦਿੱਲੀ ਨੇ ਹੱਲੇ ਦੇ ਦੀਵਾਨਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਜਥੇਦਾਰ ਸੇਵਾ ਸਿੰਘ ਸਿਰਸਾ ਨੇ ਵੀ ਇਕ ਧਾਰਨਾ ਗਾ ਕੇ ਹਾਜ਼ਰੀ ਲਵਾਈ। ਸੂਬਾ ਚਰਨਜੀਤ ਸਿੰਘ ਜੀ ਨੇ ਹਿਸਾਰ ਦੇ ਬੀ.ਜੇ.ਪੀ. ਦੇ ਪ੍ਰਮੁੱਖ ਨੇਤਾ ਸ੍ਰੀ ਭੀਮ ਸੈਨ ਮਹਾਜਨ ਅਤੇ ਮੇਅਰ ਸ੍ਰੀ ਗੌਤਮ ਸਿਰਦਾਨਾ ਜੀ ਨੂੰ ਮੰਚ ਤੇ ਪੇਸ਼ ਕੀਤਾ। ਸ੍ਰੀ ਗੌਤਮ ਜੀ ਨੇ ਕਿਹਾ ਕਿ ਸ. ਅਮਰਜੀਤ ਸਿੰਘ ਨੇਕ ਅਤੇ ਸਮਾਜ ਸੇਵੀ ਸੱਜਣ ਸਨ। ਉਨ੍ਹਾਂ ਦੇ ਨਾਲ ਅਸੀਂ ਮੁੱਖ ਮੰਤਰੀ ਅਤੇ ਹੋਰ ਵੀ ਜਿਸ ਪਾਸ ਜਾਣਾ ਪਿਆ ਜਾ ਕੇ ਹਿਸਾਰ ਵਿਚ ਦਿੱਲੀ ਸਿਰਸਾ ਰੋਡ ਤੇ 'ਸਤਿਗੁਰੂ ਰਾਮ ਸਿੰਘ ਚੌਂਕ' ਮਨਜ਼ੂਰ ਕਰਵਾਇਆ। ਇਹ ਵੱਡਾ ਕਾਰਜ ਸੀ ਜਿਸਦਾ ਸਿਹਰਾ ਸ. ਅਮਰਜੀਤ ਸਿੰਘ ਨੂੰ ਜਾਂਦਾ ਹੈ। ਇਸ ਤੋਂ ਬਿਨਾ ਇਥੋਂ ਦੀਆਂ ਸਾਹਿਤਕ ਜਥੇਬੰਦੀਆਂ ਤੱਕ ਸੰਪਰਕ ਕਰਕੇ ਸਤਿਗੁਰੂ ਰਾਮ ਸਿੰਘ ਜੀ ਦੇ ਆਜ਼ਾਦੀ ਸੰਗਰਾਮ ਵਿਚ ਯੋਗਦਾਨ ਬਾਰੇ ਆਪ ਵਿਸ਼ੇਸ਼ ਗੋਸ਼ਟੀਆਂ ਆਯੋਜਿਤ ਕਰਵਾਇਆ ਕਰਦੇ ਸਨ। ਅੰਮ੍ਰਿਤਸਰ ਸਾਕੇ ਦੇ ਸ਼ਹੀਦ ਸ. ਲਹਿਣਾ ਸਿੰਘ ਪੰਨਵ ਦੀ ਅੰਸ ਬੰਸ ਵਿਚੋਂ ਸ. ਅਮਰਜੀਤ ਸਿੰਘ ਟਕਸਾਲੀ ਨਾਮਧਾਰੀ ਸਨ। ਦਿੱਲੀ, ਸਿਰਸਾ, ਇਲਾਕਾ ਜੀਵਨ ਨਗਰ, ਯਮੁਨਾਨਗਰ, ਲੁਧਿਆਣਾ, ਜਲੰਧਰ, ਫਗਵਾੜਾ ਆਦਿ ਦੂਰ ਦੁਰਾਡੇ ਤੋਂ ਆਈਆਂ ਸੰਗਤਾਂ ਦੀ ਭਰਪੂਰ ਹਾਜ਼ਰੀ ਸੀ।

ਸ. ਅਮਰਜੀਤ ਸਿੰਘ ਜੀ ਦਾ ਜਨਮ ਕਰੀਬ 1938 ਈ. ਪਿੰਡ ਪੰਨਵ (ਪਾਕਿਸਤਾਨ) ਵਿਖੇ ਹੋਇਆ। ਆਪ ਦੇ ਪਿਤਾ ਸੰਤ ਪਿਆਰਾ ਸਿੰਘ, ਦਾਦਾ ਸੁਦਾਗਰ ਸਿੰਘ, ਪੜਦਾਦਾ ਭੋਲਾ ਸਿੰਘ ਸਨ। ਸੰਤ ਭੋਲਾ ਸਿੰਘ ਦੇ ਪਿਤਾ ਸੰਤ ਗੁੱਜਰ ਸਿੰਘ ਸ਼ਹੀਦ ਲਹਿਣਾ ਸਿੰਘ ਦੇ ਭਰਾ ਸਿੰਘ। ਸ਼ਹੀਦ ਲਹਿਣਾ ਸਿੰਘ ਜੀ ਦੀ ਇਕ ਸਪੁੱਤਰੀ ਹੀ ਸੀ ਅਤੇ ਇਕ ਭਰਾ ਸੰਤ ਗੰਡਾ ਸਿੰਘ ਬਿਹੰਗਮ ਸਨ ਦੂਸਰੇ ਭਰਾ ਗੁੱਜਰ ਸਿੰਘ ਦੀ ਅੰਸ ਬੰਸ ਵੱਡੇ ਬੋਹੜ ਵਾਂਗ ਫੈਲੇ ਹੋਏ ਹਨ। ਸ. ਅਮਰਜੀਤ ਸਿੰਘ ਦੇ ਛੋਟੇ ਭਰਾਤਾ ਸੂਬਾ ਚਰਨਜੀਤ ਸਿੰਘ ਹਿਸਾਰ ਦੇ ਸੂਬੇ ਹਨ। ਆਪ ਦੀ ਧਰਮ ਪਤਨੀ ਬੀਬੀ ਰਜਿੰਦਰ ਕੌਰ, ਪੁਤਰ ਰਾਜੀਵ ਸਿੰਘ ਅਤੇ ਜਗੀਰ ਸਿੰਘ ਹਨ। ਪਿਤਾ ਦੀ ਦਸਤਾਰ ਬਾਰੇ ਪਰਿਵਾਰ ਨੇ ਕਿਹਾ ਕਿ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਪਾਵਨ ਕਰ ਕੰਵਲਾਂ ਦੁਆਰਾ ਹੀ ਬੰਨਵਾਈ ਜਾਵੇਗੀ।

-ਹਰਪਾਲ ਸਿੰਘ ਸੇਵਕ

Sri Satguru Jagjit Singh Ji Elibrary NamdhariElibrary@gmail.com

ਹਾਂਸੀ ਨੇੜੇ ਸੜਕ ਹਾਦਸੇ ਵਿਚ ਤਿੰਨ ਮੌਤਾਂ

ਇਲਾਕਾ ਸ੍ਰੀ ਜੀਵਨ ਨਗਰ ਦੇ ਪਿੰਡ ਦਮਦਮੇ ਵਿਖੇ ਮਾਤਾ ਚੰਦ ਕੌਰ ਜੀ ਅਤੇ ਬੇਬੇ ਦਲੀਪ ਕੌਰ ਜੀ ਨਾਲ ਦੁਨੀਆਵੀ ਤੌਰ ਤੇ ਸੰਬੰਧਿਤ ਸੰਤ ਗੁਰਚਰਨ ਸਿੰਘ ਜੀ ਬਾਜੇ ਖਾਨੇ ਵਾਲਿਆਂ ਦੇ ਪਰਿਵਾਰ ਦੇ ਇਕ ਸੜਕ ਹਾਦਸੇ ਵਿਚ ਤਿੰਨ ਮੌਤਾਂ ਹੋ ਗਈਆਂ ਮ੍ਰਿਤਕਾ ਦੇ ਨਾਮ ਸ. ਜਸਕਰਨ ਸਿੰਘ, ਸ. ਗੁਰਮੁਖ ਸਿੰਘ ਅਤੇ ਛੋਟੀ ਬਚੀ ਗਗਨ ਦੀਪ ਹਨ।

27 ਮਈ ਦਿਨ ਸੋਮਵਾਰ ਸ. ਜਸਕਰਨ ਸਿੰਘ ਅਤੇ ਉਨ੍ਹਾਂ ਦੀ ਪਤਨੀ ਤੇ ਨਾਲ ਬੱਚੇ ਸ. ਗੁਰਮੁਖ ਸਿੰਘ ਅਤੇ ਉਨ੍ਹਾਂ ਦੀ ਇਕਲੋਤੀ ਬੇਟੀ ਗਗਨ ਦੀਪ ਕੌਰ ਸ. ਜਸਕਰਨ ਸਿੰਘ ਦੀ ਬੇਟੀ ਜੱਨਤ ਨੂੰ ਬਿਜਨਸ ਏਡਮਿਨ ਸਵੇਸ਼ਨ ਦੇ ਕੋਰਸ ਵਾਸਤੇ ਦਿੱਲੀ ਤੇ ਕਨੇਡਾ ਦੀ ਫਲਾਈਟ 'ਤੇ ਚੜਾਉਣ ਵਾਸਤੇ ਬਹੁਤ ਖੁਸ਼ੀ ਅਤੇ ਚਾਵਾ ਭਰੇ ਮਹੌਲ ਵਿੱਚ ਰਵਾਨਾ ਹੋਏ। ਦਿਲੀ ਏਅਰਪੋਟ ਪਹੁੰਚ ਸ. ਜਸਕਰਨ ਸਿੰਘ ਨੇ ਆਪਣੀ ਬੇਟੀ ਜੱਨਤ ਦਾ ਮੱਥਾ ਚੁੰਮ ਕੇ ਪਿਆਰ ਅਤੇ ਅਸੀਸਾਂ ਦੇ ਕੇ ਕਿਹਾ ਕਿ ਜਾਉ ਬੇਟਾ ਜੀ ਸਤਿਗੁਰੂ ਤੁਹਾਨੂੰ ਪੜਾਈ ਵਿਚ ਸਫਲਤਾ ਬਖਸ਼ਣ ਅਤੇ ਖੁਸ਼ੀ-ਖੁਸ਼ੀ ਬੇਟੀ ਜੱਨਤ ਵੀ ਜਹਾਜੇ ਚੜ ਗਈ ਅਤੇ ਉਸਦੇ ਦਿਲ ਵਿਚ ਵੀ ਇਕ ਚਾਅ ਸੀ ਕਿ ਮੈਂ ਹੀ ਕਨੇਡਾ ਪਹੁੰਚ ਆਪਣੇ ਪਿਆਰੇ ਪਾਪਾ ਨੂੰ ਫੋਨ ਕਰਾਂਗੀ ਕਿ ਪਾਪਾ ਮੈਂ ਠੀਕ-ਠੀਕ ਪਹੁੰਚ ਗਈ ਹਾਂ। ਪਰ ਕਿਸ ਨੂੰ ਪਤਾ ਸੀ ਕਿ ਉਸ ਬੱਚੀ ਨੂੰ ਕਨੇਡਾ ਪਹੁੰਚਣਾ ਹੀ ਨਸੀਬ ਨਹੀਂ ਹੋਣਾ ਅਤੇ ਏਧਰ ਇਹਨਾਂ ਨੇ ਆਪਣੇ ਪਿੰਡ ਦਮਦਮੇ ਹੀ ਨਹੀਂ ਪਹੁੰਚਣਾ। ਦੇਰ ਰਾਤ ਬੇਟੀ ਨੂੰ ਵਿਦਾ ਕਰਕੇ ਰਸਤੇ ਵਿਚ ਹਾਂਸੀ ਦੇ ਕੋਲ ਇਕ ਨੀਂਦ ਦੀ ਝਪਕੀ ਨੇ ਸਭ ਕੁਝ ਬਖੇਰ ਕੇ ਰੱਖ ਦਿਤਾ। ਤੇਜ ਰਫ਼ਤਾਰ ਨਾਲ ਆਉਂਦੀ ਕਾਰ ਸੜ੍ਹਕ ਦੇ ਕਿਨਾਰੇ 'ਤੇ ਖਲੋਤੇ ਟਰੱਕ ਵਿਚ ਜਾ ਵੱਜੀ। ਟੱਕਰ ਏਨੀ ਜਬਰਦਸਤ ਸੀ ਕਿ ਤਿੰਨੇ ਜਾਨਾਂ ਸ. ਜਸਕਰਨ ਸਿੰਘ, ਸ.ਗੁਰਮੁਖ ਸਿੰਘ ਅਤੇ ਛੋਟੀ ਬਚੀ ਗਗਨ ਦੀਪ ਕੌਰ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਇਸ ਹਾਦਸੇ ਦੇ ਨਾਲ ਹੀ ਸਭ ਸੁਪਨੇ ਬਿਖਰ ਕੇ ਰਹਿ ਗਏ। ਜਦੋਂ ਇਸ ਹਾਦਸੇ ਦਾ ਪਤਾ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੂੰ ਪਤਾ ਲੱਗਿਆ ਤਾਂ ਸਤਿਗੁਰੂ ਜੀ ਫੋਨ ਕਰਕੇ ਹਿਸਾਰ ਦੇ ਸੂਬਾ ਚਰਨਜੀਤ ਸਿੰਘ ਜੀ ਨੂੰ ਹੁਕਮ ਕੀਤਾ ਕਿ ਜਲਦੀ ਤੇ ਜਲਦੀ ਤੁਸੀਂ ਮੌਕੇ ਤੇ ਪਹੁੰਚ ਕੇ ਉਸ ਪਰਿਵਾਰ ਦੀ ਦੁੱਖ ਦੀ ਘੜੀ ਵਿਚ ਹਰ ਤਰ੍ਹਾਂ ਦੀ ਸਹਾਇਤਾ ਕਰੋ। ਸੂਬਾ ਜੀ ਹੁਕਮ ਮੰਨ ਕੇ ਉਸੇ ਘੜੀ ਹੀ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਪਰਿਵਾਰ ਦੀ ਸੇਵਾ ਵਾਸਤੇ ਚਲੇ ਗਏ ਅਤੇ ਸ੍ਰੀ ਸਤਿਗੁਰੂ ਜੀ ਵੀ ਫੋਨ ਕਰਕੇ ਪਰਿਵਾਰ ਨੂੰ ਹੌਂਸਲਾ ਦਿੱਤਾ ਤੇ ਭਾਣਾ ਮੰਨਣ ਦਾ ਉਪਦੇਸ਼ ਦਿਤਾ ਅਤੇ ਉਸ ਤੋਂ ਬਾਦ ਜਦੋਂ ਡੈੱਡ ਬਾਡੀਆਂ ਦਮਦਮੇ ਪਹੁੰਚ ਗਈਆ ਤਾਂ ਸ੍ਰੀ ਸਤਿਗੁਰੂ ਜੀ ਪਰਿਵਾਰ ਦੇ ਹਾਲਤ ਨੂੰ ਵੇਖਦਿਆ S.P.S. ਹਸਪਤਾਲ ਸਰਸਾ ਦੇ ਪ੍ਰਬੰਧਕਾਂ ਨੂੰ ਹੁਕਮ ਕੀਤਾ ਦਮਦਮੇ ਗੁਰਚਰਨ ਸਿੰਘ ਹੁਰਾਂ ਦੇ ਘਰ ਇਕ ਐਂਬੂਲੈਂਸ ਤੇ ਦੋ ਡਾਕਟਰ ਤੇ ਨਰਸਾਂ ਦਾ ਸਟਾਫ ਪਹੁੰਚਦਾ ਕਰ ਦਿਉ, ਜੋ ਸਸਕਾਰ ਤੱਕ ਉਥੇ ਹੀ ਰਹਿਣ। ਫੇਰ 30 ਤਾਰੀਖ ਨੂੰ ਮਿਰਤਕ ਸਰੀਰਾਂ ਦਾ ਸਸਕਾਰ ਹੋਣਾ ਸੀ ਕਿਉਂਕਿ ਸਵ. ਜਸਕਰਨ ਸਿੰਘ ਹੁਰਾਂ ਦੇ ਮਾਤਾ ਪਿਤਾ ਜੀ ਨੇ ਕਨੇਡਾ ਤੋਂ ਤੇ ਉਨ੍ਹਾਂ ਦੀ ਸਪੁਤਰੀ ਜੱਨਤ ਜੋ ਰਾਸਤੇ ਵਿਚੋਂ ਹੀ ਵਾਪਿਸ ਆਉਣਾ ਸੀ ਫੇਰ ਸੂਬਾ ਬਲਕਾਰ ਸਿੰਘ ਜੀ ਅੰਤਿਮ ਯਾਤਰਾ ਦੀ ਅਰਦਾਸ ਕੀਤੀ ਅਤੇ ਤਿੰਨੇ ਅਰਥੀਆਂ ਲੈ ਅੰਤਿਮ ਯਾਤਰਾ ਤੇ ਸਾਰੀ ਸੰਗਤ ਨਾਮ ਸਿਮਰਨ ਕਰਦੀ ਚੱਲ ਪਈ ਅਤੇ ਅਰਥੀਆਂ ਬਾਹਰ ਖੇਤਾਂ 'ਚ ਰੱਖ ਦਿੱਤੀਆ ਅਤੇ ਥੋੜ੍ਹੇ ਹੀ ਸਮੇਂ ਬਾਦ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਜੋ ਸਿੱਧੇ ਬੰਗਲੌਰ ਤੋਂ ਆਪਣੇ ਸਾਰੇ ਪ੍ਰੋਗਰਾਮ ਕੈਂਸਲ ਕਰਕੇ ਉਚੇਚੇ ਤੌਰ 'ਤੇ ਸਸਕਾਰ ਤੇ ਪਹੁੰਚੇ ਆਕੇ ਸੰਗਤ ਨੂੰ ਦਰਸ਼ਨ ਦਿੱਤੇ ਪਰਿਵਾਰ ਦੇ ਸਾਰੇ ਜੀਆ ਨੂੰ ਹੌਂਸਲਾ ਦਿੱਤਾ ਅਤੇ ਭਾਣਾ ਮੰਨਣ ਦਾ ਉਪਦੇਸ਼ ਦਿੱਤਾ। ਸ. ਗੁਰਚਰਨ ਸਿੰਘ ਜੀ ਨੇ ਸਤਿਗੁਰੂ ਜੀ ਦੇ ਚਰਨ ਫੜ੍ਹਕੇ ਅਰਜ ਕੀਤੀ ਜੇ ਕੋਈ ਸਾਡੇ ਕੋਲੋਂ ਭੁੱਲ ਹੋ ਗਈ ਤਾਂ ਜੀ ਖਿਮਾ ਕਰੋ ਅਤੇ ਅੱਗੇ ਵਾਸਤੇ ਪਰਿਵਾਰ ਨੂੰ ਆਪਣੇ ਚਰਨੀਂ ਲਾਉ ਜੀ। ਸ੍ਰੀ ਸਤਿਗੁਰੂ ਜੀ ਹੁਕਮ ਕੀਤਾ ਸੰਤ ਜੀ ਮੇਰੀਆ ਅਰਦਾਸਾਂ ਸਦਾ ਹੀ ਤੁਹਾਡੇ ਨਾਲ ਹਨ। ਚਿਖਾ ਤਿਆਰ ਕਰਕੇ ਸੂਬਾ ਬਲਕਾਰ ਜੀ ਅਰਦਾਸ ਕੀਤੀ ਅਤੇ ਸ. ਜਸਕਰਨ ਸਿੰਘ ਦੀ ਪੁੱਤਰੀ ਜੱਨਤ ਨੇ ਚਿਖਾ ਨੂੰ ਅੱਗ ਦੇ ਕੇ ਪੁੱਤਰਾਂ ਵਾਲਾ ਫਰਜ ਨਿਭਾਇਆ ਤੇ ਅਤੇ ਸੂਬਾ ਜੀ ਨੇ ਕੀਰਤਨ ਸੋਹਲੇ ਦਾ ਪਾਠ ਕਰਕੇ ਅੰਤਿਮ ਅਰਦਾਸ ਕੀਤੀ।

ਨੋਟ: ਇਸ ਮੌਕੇ 'ਤੇ ਬਹੁਤ ਸਾਰੇ ਰਾਜ ਨੇਤਾ ਹੋਰ ਪਤਵੰਤੇ ਸੱਜਣ ਰਿਸਤੇ ਦਾਰ ਅਤੇ ਪੂਰੇ ਇਲਾਕੇ ਦੀ ਸੰਗਤ ਪਰਿਵਾਰ ਨਾਲ ਦੁੱਖ ਵੰਡਣ ਨੂੰ ਹਾਜ਼ਰ ਸੀ ਸਸਕਾਰ ਤੋਂ ਬਾਦ ਸ੍ਰੀ ਸਤਿਗੁਰੂ ਜੀ ਹਾਦਸੇ ਵਿਚ ਜਖਮੀ ਹੋਈ ਸਵ. ਜਸਕਰਨ ਸਿੰਘ ਦੀ ਪਤਨੀ ਅਤੇ ਪੁਤਰੀ ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਦਰਸ਼ਨ ਦੇ ਕੇ ਹੌਂਸਲਾ ਦਿਤਾ ਅਤੇ ਭਾਣਾ ਮੰਨਣ ਦਾ ਉਪਦੇਸ਼ ਦਿੱਤਾ।

ਗੁਰਮੀਤ ਸਿੰਘ ਚਾਨਾ

ਕੇਲ ਕਰੇਂਦੇ ਹੰਝ ਨੋ ਅਚਿੰਤੇ ਬਾਜ ਪਏ॥

ਸ੍ਰੀ ਸਤਿਗੁਰੂ ਜਗਜੀਤ ਸਿੰਘ ਅਤੇ ਸ੍ਰੀ ਸਤਗੁਰੂ ਉਦੇ ਸਿੰਘ ਜੀ ਦੇ ਬਹੁਤ ਹੀ ਪਿਆਰੇ ਅਤੇ ਸ਼ਰਧਾਵਾਨ ਨੌਜੁਆਨ ਗੁਰਸਿੱਖ ਸੰਤ ਜਗਮੋਹਨ ਸਿੰਘ ਜੀ ਸਪੁੱਤਰ ਸੰਤ ਸੁਵਰਨ ਸਿੰਘ ਚਾਨਾ ਫਗਵਾੜਾ 24 ਅਪ੍ਰੈਲ 2019 ਨੂੰ 7 ਵਜੇ ਇਸ ਮਾਤ ਲੋਕ ਤੋਂ ਵਿਦਾ ਹੋ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ ਹਨ। ਉਹ 32 ਕੁ ਸਾਲ ਦੇ ਸਨ। ਬਹੁਤ ਹੀ ਬੁਲੰਦ ਵਿਚਾਰਾਂ ਦੇ ਮਾਲਿਕ ਸਨ, ਹਸਮੁੱਖੇ, ਮਿਲਾਪੜੇ ਸੁਭਾਅ ਦੇ ਸਨ। ਉਹਨਾਂ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਧਾਰਨ ਪਾਠ ਦਾ ਭੋਗ 5 ਮਈ 2019 ਦਿਨ ਐਤਵਾਰ ਨਾਮਧਾਰੀ ਧਰਮਸ਼ਾਲਾ ਫਗਵਾੜਾ ਵਿਖੇ ਪਾਇਆ ਗਿਆ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਘਰ ਦਰਸ਼ਨ ਦਿੱਤੇ-ਪਰਿਵਾਰ ਵਾਲਿਆਂ ਨੂੰ ਬਹੁਤ ਧਰਵਾਸ ਦਿੱਤਾ। ਸਤਿਗੁਰੂ ਜੀ ਦਾ ਭਾਣਾ ਮੰਨਣ ਦੀ ਪ੍ਰੇਰਨਾ ਦਿੱਤੀ।

ਸੂਬਾ ਸੰਦੀਪ ਸਿੰਘ ਜੀ ਨੇ ਕੀਰਤਨ ਕੀਤਾ ਅਤੇ ਉਪਰੰਤ ਹਰਪਾਲ ਸਿੰਘ ਸੇਵਕ, ਸੂਬਾ ਬਲਵਿੰਦਰ ਸਿੰਘ ਜੀ, ਸੂਬਾ ਹਰਜੀਤ ਸਿੰਘ ਜੀ, ਸੰਤ ਸੁਵਰਨ ਸਿੰਘ ਸਨੇਹੀ, ਸੂਬਾ ਜਸਬੀਰ ਸਿੰਘ ਜੀ ਨੇ ਸ਼ਰਧਾਂਜਲੀਆਂ ਦਿੱਤੀਆਂ ਅਤੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ 'ਚ ਅਰਦਾਸ ਕੀਤੀ ਕਿ ਪਰਿਵਾਰ ਵਾਲਿਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। **-ਸਵਿੰਦਰ ਸਿੰਘ ਲੁਧਿਆਣਾ**

Sri Satguru Jagjit Singh Ji Elibrary NamdhariElibrary@gmail.com

ਵਾਰਸ਼ਿਕ ਵਿਦਿਅਕ ਸੰਮੇਲਨ, 27, 28, 29, 30 ਜੂਨ 2019 (ਸ੍ਰੀ ਭੈਣੀ ਸਾਹਿਬ)

ਸਿਲੇਬਸ

ਜੂਨੀਅਰ ਵਰਗ – 12 ਤੋਂ 16 ਸਾਲ

- ਸ਼ੁੱਧ ਗੁਰਬਾਣੀ ਉੱਚਾਰਣ ਪ੍ਰਤੀਯੋਗਤਾ (ਨਿਤਨੇਮ ਦੀਆਂ 5 ਬਾਣੀਆਂ) (ਲੜਕੇ-ਲੜਕੀਆਂ ਦੀ ਸਾਂਝੀ)
- ਭਾਸ਼ਣ ਪ੍ਰਤੀਯੋਗਤਾ
  1. ਗੁਰਬਾਣੀ ਅਨੁਸਾਰ ਮਾਸ ਸ਼ਰਾਬ ਨਿਖੇਧ
  2. ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥
  3. ਗੁਰੂ ਹਰੀ ਸਿੰਘ ਜੀ ਦੇ ਉਪਕਾਰ

  (ਸਮਾਂ - 3-5 ਮਿੰਟ, ਕਿਸੇ ਵੀ ਭਾਸ਼ਾ ਵਿਚ, ਲੜਕੇ-ਲੜਕੀਆਂ ਦੀ ਸਾਂਝੀ)
- ਦੀਵਾਨ ਪ੍ਰਤੀਯੋਗਤਾ: ਲੜਕੀਆਂ (ਸਮਾਂ - 10 - 12 ਮਿੰਟ)
  1. ਧੰਨ ਗੁਰੂ ਹਰੀ ਸਿੰਘ ਟੁੱਟੀ ਤੂੰ ਮਿਲਾਈ ਏ
  2. ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ।
- ਦੀਵਾਨ ਪ੍ਰਤੀਯੋਗਤਾ: ਲੜਕੇ (ਸਮਾਂ - 10 -12 ਮਿੰਟ)

  1. ਮੇਰਾ ਵੈਦੁ ਗੁਰੂ ਗੋਵਿੰਦਾ 2. ਕਲਿ ਤਾਰਣ ਗੁਰੁ ਨਾਨਕ ਆਇਆ
- ਸੰਗੀਤ ਪ੍ਰਤੀਯੋਗਤਾ 1. ਤੰਤੀ ਸਾਜ਼ 2. ਗਾਇਨ 3. ਢੋਲਕੀ 4. ਤਬਲਾ (ਲੜਕੇ-ਲੜਕੀਆਂ ਦੀ ਵੱਖੋ-ਵੱਖਰੀ, 4-6 ਮਿੰਟ)
- ਦਸਤਾਰ ਪ੍ਰਤੀਯੋਗਤਾ (ਲੜਕਿਆਂ ਲਈ)
- ਪੰਜਾਬੀ ਸੁੰਦਰ ਲਿਖਾਈ ਪ੍ਰਤੀਯੋਗਤਾ (ਲੜਕੇ-ਲੜਕੀਆਂ ਦੀ ਸਾਂਝੀ)
- ਸਵਾਲ ਜਵਾਬ ਪ੍ਰਤੀਯੋਗਤਾ (ਕੁਇਜ਼) (ਲੜਕੇ-ਲੜਕੀਆਂ ਦੀ ਸਾਂਝੀ, 3 ਮੈਂਬਰ ਪ੍ਰਤੀ ਟੀਮ, ਇੱਕ ਜਥੇ ਤੋਂ ਕੇਵਲ 2 ਟੀਮਾਂ)

  (ਪੁਸਤਕ ਨਾਮਧਾਰੀ ਇਤਿਹਾਸ ਸੰਖੇਪ- ਤਾਰਾ ਸਿੰਘ ਅਨਜਾਣ ਅਤੇ
  ਸਭਹਨ ਕੇ ਸਿਰਮੌਰ- ਤਾਰਾ ਸਿੰਘ ਅਨਜਾਣ)
- ਚਿੱਤਰਕਾਰੀ ਪ੍ਰਤੀਯੋਗਤਾ (ਲੜਕੇ-ਲੜਕੀਆਂ ਦੀ ਸਾਂਝੀ)
- ਲਿਖਤੀ ਇਤਿਹਾਸਕ ਪ੍ਰਤੀਯੋਗਤਾ (ਲੜਕੇ-ਲੜਕੀਆਂ ਦੀ ਸਾਂਝੀ)

  (ਪੁਸਤਕ ਨਾਮਧਾਰੀ ਇਤਿਹਾਸ ਸੰਖੇਪ- ਤਾਰਾ ਸਿੰਘ ਅਨਜਾਣ ਅਤੇ
  ਸਭਹਨ ਕੇ ਸਿਰਮੌਰ- ਤਾਰਾ ਸਿੰਘ ਅਨਜਾਣ)
- ਮਾਲਾ ਸਿਖਲਾਈ ਅਤੇ ਪ੍ਰਤੀਯੋਗਤਾ (ਲੜਕੇ-ਲੜਕੀਆਂ ਦੀ ਸਾਂਝੀ)
- ਸਲਾਦ ਸਜਾਵਟ ਪ੍ਰਤੀਯੋਗਤਾ (ਲੜਕੇ-ਲੜਕੀਆਂ ਦੀ ਸਾਂਝੀ, 3 ਮੈਂਬਰ ਪ੍ਰਤੀ ਟੀਮ, ਇੱਕ ਜਥੇ ਤੋਂ ਕੇਵਲ 2 ਟੀਮਾਂ)
- ਖੇਡਾਂ 1. ਬੈਡਮਿੰਟਨ ਸਿੰਗਲ 2. ਦੌੜ 100 ਮੀਟਰ 3. ਬੋਰੀ ਦੌੜ (ਲੜਕੇ-ਲੜਕੀਆਂ ਦੀਆਂ ਵੱਖੋ-ਵੱਖਰੀਆਂ)

ਸੀਨੀਅਰ ਵਰਗ – 16 ਤੋਂ 30 ਸਾਲ

- ਸ਼ੁੱਧ ਗੁਰਬਾਣੀ ਉੱਚਾਰਣ ਪ੍ਰਤੀਯੋਗਤਾ (ਹਵਨ ਦੀਆਂ ਬਾਣੀਆਂ) (ਲੜਕੇ-ਲੜਕੀਆਂ ਦੀ ਸਾਂਝੀ)
- ਭਾਸ਼ਣ ਪ੍ਰਤੀਯੋਗਤਾ (ਸਮਾਂ - 5-7 ਮਿੰਟ, ਕਿਸੇ ਵੀ ਭਾਸ਼ਾ ਵਿਚ, ਲੜਕੇ-ਲੜਕੀਆਂ ਦੀ ਸਾਂਝੀ)

  1. ਹਿਕੁ ਫਿਕਾ ਨ ਗਾਲਾਇ 2. ਗੁਰੂ ਨਾਨਕ ਅਤੇ ਸਮਾਜਿਕ ਇੰਕਲਾਬ

  3. ਗੁਰੂ ਹਰੀ ਸਿੰਘ ਅਤੇ ਆਜ਼ਾਦੀ ਸੰਗਰਾਮ

  ਨੋਟ: ਭਾਸ਼ਣ ਉਪਰੰਤ ਜੱਜ ਸਾਹਿਬਾਨਾਂ ਦੁਆਰਾ ਭਾਸ਼ਣ ਦੇ ਸੰਧਰਭ 'ਚ ਸਵਾਲ ਪੁੱਛੇ ਜਾਣਗੇ।
- ਦੀਵਾਨ ਪ੍ਰਤੀਯੋਗਤਾ: ਲੜਕੀਆਂ (ਸਮਾਂ - 12 - 15 ਮਿੰਟ)
  1. ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥
  2. ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥

Sri Satguru Jagjit Singh Ji Elibrary NamdhariElibrary@gmail.com

- ਦੀਵਾਨ ਪ੍ਰਤੀਯੋਗਤਾ: ਲੜਕੇ (ਸਮਾਂ - 12 -15 ਮਿੰਟ)

  1. ਗੁਰਾਂ ਕਿਲ੍ਹੇ ਸੀ ਗੁਮਾਨ ਦੇ ਢਾਏ ਹੱਥ ਫੜ ਸਬਰ ਕਹੀ (ਸਤਿਗੁਰੂ ਹਰੀ ਸਿੰਘ ਜੀ ਦੇ ਪ੍ਰਥਾਇ)

  2. ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ ॥
- ਸੰਗੀਤ ਪ੍ਰਤੀਯੋਗਤਾ 1. ਤੰਤੀ ਸਾਜ਼ 2. ਗਾਇਨ 3. ਢੋਲਕੀ 4. ਤਬਲਾ (ਲੜਕੇ-ਲੜਕੀਆਂ ਦਾ ਵੱਖੋ-ਵੱਖਰਾ, 5-8 ਮਿੰਟ)
- ਦਸਤਾਰ ਪ੍ਰਤੀਯੋਗਤਾ (ਲੜਕਿਆਂ ਲਈ)
- ਪੰਜਾਬੀ ਸੁੰਦਰ ਲਿਖਾਈ ਪ੍ਰਤੀਯੋਗਤਾ (ਲੜਕੇ-ਲੜਕੀਆਂ ਦੀ ਸਾਂਝੀ)
- ਸਵਾਲ ਜਵਾਬ ਪ੍ਰਤੀਯੋਗਤਾ (ਕੁਇਜ਼) (ਲੜਕੇ-ਲੜਕੀਆਂ ਦੀ ਸਾਂਝੀ, 3 ਮੈਂਬਰ ਪ੍ਰਤੀ ਟੀਮ, ਇੱਕ ਜਥੇ ਤੋਂ ਕੇਵਲ 2 ਟੀਮਾਂ)

  (ਪੁਸਤਕ ਨਾਮਧਾਰੀ ਇਤਿਹਾਸ ਸੰਖੇਪ- ਤਾਰਾ ਸਿੰਘ ਅਨਜਾਣ ਅਤੇ ਸਭਹਨ ਕੇ ਸਿਰਮੌਰ-ਤਾਰਾ ਸਿੰਘ ਅਨਜਾਣ)
- ਲਿਖਤੀ ਇਤਿਹਾਸਕ ਪ੍ਰਤੀਯੋਗਤਾ (ਲੜਕੇ-ਲੜਕੀਆਂ ਦੀ ਸਾਂਝੀ)

  (ਪੁਸਤਕ ਨਾਮਧਾਰੀ ਇਤਿਹਾਸ ਸੰਖੇਪ- ਤਾਰਾ ਸਿੰਘ ਅਨਜਾਣ ਅਤੇ ਸਭਹਨ ਕੇ ਸਿਰਮੌਰ-ਤਾਰਾ ਸਿੰਘ ਅਨਜਾਣ)
- ਫੋਟੋਗ੍ਰਾਫੀ ਪ੍ਰਤੀਯੋਗਤਾ (ਲੜਕੇ-ਲੜਕੀਆਂ ਦੀ ਸਾਂਝੀ, ਵਿਸ਼ਾ ਮੌਕੇ 'ਤੇ)
- ਪੋਸਟਰ ਪ੍ਰਤੀਯੋਗਤਾ (ਲੜਕੇ-ਲੜਕੀਆਂ ਦੀ ਸਾਂਝੀ, ਵਿਸ਼ਾ ਮੌਕੇ 'ਤੇ)
- ਰੰਗੋਲੀ ਪ੍ਰਤੀਯੋਗਤਾ (ਲੜਕੀਆਂ ਲਈ, 4 ਮੈਂਬਰ ਪ੍ਰਤੀ ਟੀਮ, ਇੱਕ ਜਥੇ ਤੋਂ ਕੇਵਲ 2 ਟੀਮਾਂ, ਰੰਗੋਲੀ ਦਾ ਆਕਾਰ ਪ੍ਰਤੀਯੋਗੀ ਦੀ ਇੱਛਾ ਅਨੁਸਾਰ)
- ਗੁਰਬਾਣੀ ਅੰਤਾਖਰੀ ਪ੍ਰਤੀਯੋਗਤਾ (ਲੜਕੇ-ਲੜਕੀਆਂ ਦੀ ਸਾਂਝੀ, 3 ਮੈਂਬਰ ਪ੍ਰਤੀ ਟੀਮ, ਇੱਕ ਜਥੇ ਤੋਂ ਕੇਵਲ 2 ਟੀਮਾਂ)
- ਕਵੀਸ਼ਰੀ ਪ੍ਰਤੀਯੋਗਤਾ (ਛੰਦ ਤੇ ਵਖਿਆਨ, ਲੜਕੇ-ਲੜਕੀਆਂ ਦੀ ਵੱਖਰੀ)

  ਵਿਸ਼ਾ: ਸਾਹਿਤਕ ਜਾਂ ਧਾਰਮਿਕ, 2-3 ਮੈਂਬਰ ਪ੍ਰਤੀ ਟੀਮ, ਸਮਾਂ 5-7 ਮਿੰਟ
- Computer Presentation Competition (ਲੜਕੇ-ਲੜਕੀਆਂ ਦਾ ਸਾਂਝਾ)

  ਵਿਸ਼ਾ:

  1. ਸ੍ਰੀ ਸਤਿਗੁਰੂ ਹਰੀ ਸਿੰਘ ਜੀ

  2. Women Empowerment by Sri Satguru Ram Singh Ji

  (ਸਮਾਂ: 8 ਤੋਂ 10 ਮਿੰਟ, ਕਿਸੇ ਵੀ ਭਾਸ਼ਾ ਵਿੱਚ)
- ਕੁਕਿੰਗ ਪ੍ਰਤੀਯੋਗਤਾ: ਲੜਕੀਆਂ, (3 ਮੈਂਬਰ ਪ੍ਰਤੀ ਟੀਮ)
- ਵਿਸ਼ਾ: ਬੇਕ ਕੀਤਾ ਪਦਾਰਥ (ਮਿੱਠਾ ਜਾਂ ਨਮਕੀਨ) ਅਤੇ ਠੰਡਾ ਪੇਅ ਪਦਾਰਥ
- ਕੁਕਿੰਗ ਪ੍ਰਤੀਯੋਗਤਾ: ਲੜਕੇ, ਵਿਸ਼ਾ: ਸੋਧ ਮਰਿਆਦਾ ਵਿੱਚ ਕੜਾਹ ਪ੍ਰਸ਼ਾਦ)
- ਖੇਡਾਂ (ਲੜਕੇ-ਲੜਕੀਆਂ ਦੀਆਂ ਵੱਖੋ-ਵੱਖਰੀਆਂ)

  1. ਬੈਡਮਿੰਟਨ ਡਬਲਜ਼

  2. ਦੌੜ 200 ਮੀਟਰ 3. ਦੌੜ 400 ਮੀਟਰ

  4. ਰੱਸਾ ਕਸੀ 5. ਫੁੱਟਬਾਲ (ਕੇਵਲ ਲੜਕਿਆਂ ਲਈ 18 ਸਾਲ ਤੋਂ ਉੱਪਰ, ਹਰ ਜ਼ੋਨ ਤੋਂ ਕੇਵਲ ਇੱਕ ਟੀਮ)

ਵਿਸ਼ੇਸ਼ ਵਰਗ (30 ਸਾਲ ਤੋਂ ਉੱਪਰ ਤੇ ਪੁਰਾਣੇ ਜੇਤੂ)

- ਸ਼ੁੱਧ ਗੁਰਬਾਣੀ ਉੱਚਾਰਣ ਪ੍ਰਤੀਯੋਗਤਾ (ਸੰਪੂਰਣ ਸ੍ਰੀ ਆਦਿ ਗੁਰੂ ਗਰੰਥ ਸਾਹਿਬ ਅਤੇ ਸ੍ਰੀ ਦਸਮ ਗੁਰੂ ਗਰੰਥ ਸਾਹਿਬ) (ਭਾਈਆਂ-ਬੀਬੀਆਂ ਦੀ ਸਾਂਝੀ)
- ਭਾਸ਼ਣ ਪ੍ਰਤੀਯੋਗਤਾ (ਵਿਸ਼ਾ ਮੌਕੇ 'ਤੇ, ਸਮਾਂ 5-7 ਮਿੰਟ)
- ਮਿਊਜ਼ੀਕਲ ਚੇਅਰ (ਬੀਬੀਆਂ ਲਈ)
- ਸਾਈਕਲਿੰਗ (ਭਾਈਆਂ ਲਈ)
- ਰੱਸੀ-ਟੱਪਣ ਦੀ (Rope Skipping) ਪ੍ਰਤੀਯੋਗਤਾ (ਭਾਈਆਂ-ਬੀਬੀਆਂ ਦੀ ਵੱਖੋ-ਵੱਖਰੀ)

Sri Satguru Jagjit Singh Ji Elibrary NamdhariElibrary@gmail.com

- ਰੱਸਾ-ਕਸੀ ਪ੍ਰਤੀਯੋਗਤਾ (ਭਾਈਆਂ-ਬੀਬੀਆਂ ਦੀ ਵੱਖੋ-ਵੱਖਰੀ)
- ਕ੍ਰੋਸ਼ੀਆ ਪ੍ਰਤੀਯੋਗਤਾ (ਬੀਬੀਆਂ ਲਈ)

ਨੋਟ:

- ਸ੍ਰੀ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਤਬਦੀਲੀ ਕੀਤੀ ਜਾ ਸਕਦੀ ਹੈ।
- ਹਰ ਜਥੇ ਦੀ ਹਵਨ ਦੀ ਤੇ ਵਰਨੀਆਂ ਦੀ ਟੀਮ ਆਪਣੇ ਸੋਧ ਦੇ ਬਸਤਰ, ਸਫਾਜੰਗ, ਕਰਮਕੱਸੇ, ਸਮੱਗਰੀ, ਪਤੀਲਾ ਆਦਿ ਨਾਲ ਲੈ ਕੇ ਆਵੇ ਜੀ । ਲੱਕੜਾਂ ਤੇ ਘਿਓ, ਵਿਛਾਈ ਆਦਿ ਦਾ ਪ੍ਰਬੰਧ ਕੀਤਾ ਮਿਲੇਗਾ ਜੀ।
- ਸਾਰੇ ਸਿਖਿਆਰਥੀ ਘੱਟ ਤੋਂ ਘੱਟ ਜਪੁਜੀ ਸਾਹਿਬ ਸ਼ੁੱਧ ਪੜ੍ਹਨ ਦੀ ਤਿਆਰੀ ਕਰਕੇ ਆਉਣ।
- ਹਰ ਪ੍ਰਤੀਯੋਗੀ ਅਤੇ ਟੀਮ ਲਈ ਸੰਮੇਲਨ ਆਰੰਭ ਹੋਣ ਤੋਂ ਪਹਿਲਾਂ ਪ੍ਰਤੀਯੋਗਤਾ ਵਾਸਤੇ ਰਜਿਸਟ੍ਰੇਸ਼ਨ ਕਰਵਾਉਣੀ ਲਾਜ਼ਮੀ ਹੈ।
- ਮੈਂਬਰ ਅਤੇ ਪ੍ਰਤੀਯੋਗੀ ਸਤਿਜੁਗ ਜ਼ਰੂਰ ਪੜ੍ਹਨ।
- ਭਾਸ਼ਣ ਪ੍ਰਤੀਯੋਗਤਾ ਦੇ 2 ਵਾਰ ਦੇ ਜੇਤੂ ਸਿਖਿਆਰਥੀ ਵਿਸ਼ੇਸ਼ ਵਰਗ ਦੀ ਭਾਸ਼ਣ ਪ੍ਰਤੀਯੋਗਤਾ ਵਿੱਚ ਹੀ ਭਾਗ ਲੈ ਸਕਦੇ ਹਨ।
- ਕਛਹਿਰਾ ਕਟਾਈ ਅਤੇ ਸਿਲਾਈ ਪ੍ਰਤੀਯੋਗਤਾ ਲਈ ਸਾਰਾ ਸਮਾਨ ਸੰਮੇਲਨ 'ਤੇ ਦਿੱਤਾ ਜਾਵੇਗਾ।
- ਗੈਸ, ਚੁੱਲ੍ਹਾ ਅਤੇ ਮੁੱਖ ਰੂਪ ਵਿਚ ਵਰਤੀਆਂ ਜਾਣ ਵਾਲੀਆਂ ਸਬਜੀਆਂ ਸੰਮੇਲਨ 'ਤੇ ਦਿੱਤੀਆਂ ਜਾਣਗੀਆਂ। ਮਿੱਠੇ ਵਿਅੰਜਨ ਵਾਸਤੇ ਪ੍ਰਤੀਯੋਗੀ ਆਪਣਾ ਸਮਾਨ ਆਪ ਲੈ ਕੇ ਆਉਣ।
- ਵਿਸ਼ੇਸ਼ ਪੁਰਸਕਾਰ, ਸਰਵੋਤਮ ਜਥਾ, ਸਰਵੋਤਮ ਮੈਂਬਰ, ਅਨੁਸ਼ਾਸਿਤ ਜਥਾ, ਸਰਵੋਤਮ ਜ਼ੋਨ ਆਦਿ ਸਲਾਨਾ ਕਾਰਗੁਜ਼ਾਰੀਆਂ ਤੇ ਸੰਮੇਲਨ ਦੌਰਾਨ ਕਾਰਗੁਜ਼ਾਰੀ ਦੇ ਆਧਾਰ ਤੇ ਦਿੱਤਾ ਜਾਵੇਗਾ ਜੀ ।
- ਜਥੇ ਆਪਣੀਆਂ ਕਾਰਗੁਜ਼ਾਰੀਆਂ ਦੀ ਰਿਪੋਰਟ ਲੈ ਕੇ ਆਉਣ ਜੀ।
- ਨਾਮਧਾਰੀ ਪਹਿਰਾਵਾ, ਆਸਣ, ਮਾਲਾ, ਗੜਵਾ, ਗੁਟਕਾ, ਪੈੱਨ, ਕਾਪੀ ਆਦਿਕ ਹਰ ਕੋਈ ਨਾਲ ਲੈ ਕੇ ਆਵੇ।
- ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਪ੍ਰੋਗਰਾਮ ਵਿੱਚ ਤਬਦੀਲੀ ਹੋ ਸਕਦੀ ਹੈ

ਬੇਨਤੀ ਕਰਤਾ
ਵਿਸ਼ਵ ਨਾਮਧਾਰੀ ਵਿਦਿਅਕ ਜਥਾ
ਸੇਵਾਦਾਰ

ਗੁਰਦੇਵ ਸਿੰਘ ਚੀਮਾ 94177-15380
ਸੁਖਵਿੰਦਰ ਸਿੰਘ ਲਾਇਲ 98153-77811
ਹਰਪਾਲ ਸਿੰਘ 99102-10432
ਮੰਗਲਜੀਤ ਸਿੰਘ 98104-37875
ਡਾ ਪੁਸ਼ਪਿੰਦਰ ਸਿੰਘ ਕੂਕਾ 95010-13625
ਗੁਰਮੀਤ ਸਿੰਘ ਚਾਨਾ 70153-70755
ਹਰਪ੍ਰੀਤ ਸਿੰਘ 98577-85000

ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜਥਾ
ਸੇਵਾਦਾਰ

ਬੀਬੀ ਜਯੋਤਸਨਾ ਕੌਰ 97362-60779
ਡਾ ਕਮਲਦੀਪ ਕੌਰ ਕੂਕਾ 95010-15625
ਬੀਬੀ ਸੁੰਦਰਜੀਤ ਕੌਰ 94672-88024
ਬੀਬੀ ਸਿਮਰਤੇਸ਼ਵਰ ਕੌਰ- 98964-51115
ਬੀਬੀ ਅਮਨਪ੍ਰੀਤ ਕੌਰ – 99155-28028
ਬੀਬੀ ਰਤਨ ਕੌਰ – 95013-43300

ਸ੍ਰੀ ਸਤਿਗੁਰੂ ਜੀ ਬੱਚਿਆਂ ਨੂੰ ਪ੍ਰਸ਼ਾਦ ਬਖਸ਼ਿਸ਼ ਕਰਦੇ ਹੋਏ।

ਸ੍ਰੀ ਸਤਿਗੁਰੂ ਜੀ ਗਰੀਨ ਹਾਊਸ ਫੁੱਲਾਂ ਦੀ ਖੇਤੀ ਨਿਹਾਰਦੇ ਹੋਏ।

ਸ੍ਰੀ ਸਤਿਗੁਰੂ ਜੀ ਅਤੇ ਮਾਤਾ ਗੁਰਸ਼ਰਨ ਕੌਰ ਜੀ ਬ੍ਰਿਸਬੇਨ ਸ਼ਹਿਰ ਕੀਰਤਨ ਵਿੱਚ ਦਰਸ਼ਨ ਦਿੰਦੇ ਹੋਏ।
ਹਜ਼ੂਰੀ ਰਾਗੀ ਬਲਵੰਤ ਸਿੰਘ, ਕਿਰਪਾਲ ਸਿੰਘ ਪਾਲੀ ਅਤੇ ਹਰਪ੍ਰੀਤ ਸਿੰਘ ਸੋਨੂੰ ਕੀਰਤਨ ਕਰਦੇ ਹੋਏ।

ਸ੍ਰੀ ਸਤਿਗੁਰੂ ਜੀ ਦਾ ਬ੍ਰਿਸਬੇਨ ਸ਼ਹਿਰ ਪਹੁੰਚਣ ਤੇ ਸਵਾਗਤ ਕਰਦੇ ਹੋਏ।

Date of Publication: 12-6-2019,
Date of Posting: 13-14 June 2019

RNI NO. 55658/93 Delhi Postal Regd. No. DL(W) 01/2055/18-20

ਸ੍ਰੀ ਸਤਿਗੁਰੂ ਜੀ ਅਤੇ ਮਾਤਾ ਜੀ ਨਾਲ ਪਰਥ (ਆਸਟ੍ਰੇਲੀਆ) ਦੀ ਸਾਧ ਸੰਗਤ
ਯਾਦਗਾਰੀ ਤਸਵੀਰ ਕਰਵਾਉਂਦੀ ਹੋਈ।

ਸ੍ਰੀ ਸਤਿਗੁਰੂ ਜੀ ਅਤੇ ਮਾਤਾ ਜੀ ਨਾਲ ਬ੍ਰਿਸਬੇਨ (ਆਸਟ੍ਰੇਲੀਆ) ਦੀ ਸਾਧ ਸੰਗਤ
ਯਾਦਗਾਰੀ ਤਸਵੀਰ ਕਰਵਾਉਂਦੀ ਹੋਈ।

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.

Sri Satguru Jagjit Singh Ji Elibrary NamdhariElibrary@gmail.com